# ਸੁਚੇਤ ਸੁਪਨੇ



ਪ੍ਰੀਤਮ ਸਿੰਘ 'ਪੰਜਲ'

ਸੁਪਨਿਆਂ ਦੀ ਉਮਰ ਏਨੀ
ਇਹਦੀ ਸੀਮਾ ਹੀ ਨਹੀਂ,
ਉਮਰ ਦੇ ਸੁਪਨੇ ਦਾ ਜੀਵਨ
ਅਜ਼ਜ਼ਲ ਤੋਂ ਬਰਬਾਦ ਹੈ।

↓ ਤਤਕਰਾ ↓

## ਏਸੇ ਕਲਮ ਤੋਂ:

**ਮਿਲਨ** – ਉਰਦੂ ਕਾਵਿ–ਸੰਗ੍ਰਹਿ – 1989

**ਸੁਚੇਤ ਸੁਪਨੇ** – ਪੰਜਾਬੀ ਕਾਵਿ–ਸੰਗ੍ਰਹਿ – 1989

**ਤੁਲਸੀ ਦੇ ਪੱਤਰ** – ਪੰਜਾਬੀ ਕਾਵਿ–ਸੰਗ੍ਰਹਿ – 1992

**ਸਤਿਯੰਮ ਸ਼ਿਵਮ ਸੁੰਦਰਮ** – ਪੰਜਾਬੀ ਕਾਵਿ–ਸੰਗ੍ਰਹਿ – 1996

**ਨਿਰਪ** – ਪੰਜਾਬੀ ਕਾਵਿ–ਸੰਗ੍ਰਹਿ – 2003

**ਕਪਨ** – ਪੰਜਾਬੀ ਕਾਵਿ–ਸੰਗ੍ਰਹਿ – 2009

**ਨ੍ਹੇਰਾ** – ਪੰਜਾਬੀ ਕਾਵਿ–ਸੰਗ੍ਰਹਿ – 2010

## From the same Author

**MILAN** – Urdu Poetry - 1989

**SUCHET SUPNE** – Punjabi Poetry – 1989

**TULSI DE PATTAR** - Punjabi Poetry – 1992

**SATYAM SHIVAM SUNDERAM** - Punjabi Poetry – 1996

**NIRP** - Punjabi Poetry – 2003

**KAPAN** - Punjabi Poetry – 2009

**NEHRA** - Punjabi Poetry – 2010

↓ ਤਤਕਰਾ ↓

ਪੰਜਾਬੀ ਕਾਵਿ-ਸੰਗ੍ਰਹਿ

# ਸੁਚੇਤ ਸੁਪਨੇ

ਲੇਖਕ: ਪ੍ਰੀਤਮ ਸਿੰਘ ਧੰਜਲ

First Edition: Hard Cover 1989
Second Edition: This *.pdf format, January 2018

Web Address: http://www.dhanjal.com
E-Mail Address: pritam@dhanjal.com

**© ਸਭ ਹੱਕ ਕਰਤਾ ਦੇ ਰਾਖਵੇਂ ਹਨ।**

Cover Design: Preet

Graphics: Pritam S Dhanjal

**ਮਿਲਨ ਪਬਲਿਸ਼ਰਜ਼, ਕੈਨੇਡਾ**

Punjabi Poetry

# Suchet Supne

By: Pritam Singh Dhanjal

First Edition: Hard Cover 1989
Second Edition: This *.pdf format, January 2018

Web Address: http://www.dhanjal.com
E-Mail Address: pritam@dhanjal.com

**© The Author**

All rights reserved under International and Pan-American Convention.

No Part of this book may be reproduced in any form or media for commercial use, without the written prior consent of the Author.

Cover Design: Preet

Graphics: Pritam S Dhanjal

**Milan Publishers, Canada.**

↓ ਤਤਕਰਾ ↓

# ਸਮਰਪਣ

ਸੁਚੇਤ ਸੁਪਨਿਆਂ ਵਿਚ ਵਸਦੀ
ਓਸ
ਨਿਰਮਲ ਅਤੇ ਪਵਿੱਤਰ ਰੂਹ ਨੂੰ

↓ ਤਤਕਰਾ ↓

# ਤਤਕਰਾ


ਸਮਰਪਣ

ਅਧੂਰੀ ਕਿਰਤ

ਤੇਰੀ ਤਸਵੀਰ

ਪੰਜਾਬੀਅਤ

ਸੁਪਨਾ

ਇਕ ਇਕਾਈ-1

ਇਕ ਇਕਾਈ-2

ਇਕ ਇਕਾਈ-3

ਅਸਲੀਅਤ ਕੀ ਹੈ?

ਉਡੀਕ

ਦੋ ਪਲ ਉਧਾਰੇ

ਦੋ ਨਜ਼ਾਰੇ

ਪਿਆਰ ਦੀ ਹੋਂਦ

ਮਿਲਾਪ

ਧੁੱਪ / ਚਾਨਣੀ

ਕੁਝ ਖ਼ਿਆਲ

ਪਾਣੀਆਂ! ਓ ਪਾਣੀਆਂ!!

ਵਿਸਾਖੀ

ਆਪਣੇ ਅੰਦਰ ਛੁਪ ਰਹੇ

ਮਿਲਣ

ਪਿਆਰ ਦੇ ਰਾਹ 'ਤੇ

ਬੰਜਰ ਧਰਤੀ ਦਾ ਫੁੱਲ

ਸਾਵੇ ਪੱਤਰ

ਕੱਲ੍ਹ ਦਾ ਸਿਰ ਉੱਠਿਆ

ਕੀ ਕਰਾਂ?

ਤਨ-ਮਨ

ਆਜ਼ਾਦੀ

ਆਜ਼ਾਦੀ ਦਾ ਤਰੀਕਾ

ਫੇੜੇ

ਜਿਨ੍ਹਾਂ ਨੇ ਸਾਥ ਨਾ ਦਿੱਤਾ

ਕਲਮ ਨੂੰ ਤਲਵਾਰ

ਪ੍ਰੀਤਮ

# ਅਧੂਰੀ ਕਿਰਤ

ਮੈਂ, ਕਿ ਇਕ ਕਤਰਾ ਜਿਹਦਾ ਆਧਾਰ ਹੈ,
ਬੇ-ਸ਼ੁਮਾਰ ਸਮੁੰਦਰਾਂ 'ਚੋਂ ਬੂੰਦ ਹਾਂ।
ਮੈਂ, ਕਿ ਜੋ ਕਈ ਲੱਖਾਂ ਵਿਚੋਂ ਇਕ ਹਾਂ,
ਮੈਂ, ਕਿ ਮੇਰੀ ਹੋਂਦ ਬੁਲਬੁਲੇ ਵਾਂਗਰਾਂ,
ਜਾਂ ਪਾਣੀ ਦੇ ਵਿਚ ਪਤਾਸੇ ਵਾਂਗਰਾਂ।

ਮੈਂ, ਕਿ ਮਨ ਆਈ ਹੀ ਕੀਤੀ ਹੈ ਸਦਾ,
ਘਰ ਤੋਂ ਨਿਕਲਣ ਦੀ ਵੀ ਭੁਗਤੀ ਹੈ ਸਜ਼ਾ।

ਰਾਤਾਂ ਦੀ ਇਸ ਕਾਲੀ-ਸਿਆਹ ਸਲੇਟ 'ਤੇ,
ਤਾਰਿਆਂ ਦੇ, ਜਦ ਚਿੰਨ੍ਹ ਪਏ ਮੈਂ ਦੇਖਦਾਂ,
ਕੀ ਬੁਝਾਰਤ? ਕੌਣ ਸੀ ਉਹ ਜੋ ਲਿਖ ਗਿਆ?
ਰੋਟੀ ਤੋਂ ਵਿਹਲਾ ਹੋ, ਇਹਨੂੰ ਸੋਚਦਾਂ।

ਮੈਂ ਕਦੀ, ਕੁਦਰਤ ਨੂੰ ਸਮਝਣ ਲੱਗਿਆਂ,
ਆਪਣੇ ਤਨ 'ਤੇ ਹਰ ਤਸੀਹਾ ਸਹਿ ਗਿਆ,
ਪਰ ਸਦਾ 'ਉਹਦੀ' ਅਭੇਦੀ ਕਿਰਤ ਦਾ,
ਇਕ ਨਿਗੂਣਾ ਅੰਸ਼ ਹੋ ਕੇ ਰਹਿ ਗਿਆ।

ਇਸ ਵਿਸਮਾਦ-ਕਿਰਤ ਨੂੰ ਵਿੰਹਦਿਆਂ ਵਿੰਹਦਿਆ,
ਮੈਂ ਕਦੀ ਹੈ ਗੀਤ ਸੰਗੀਤ ਨੂੰ ਛੁਹ ਲਿਆ,
ਤੇ ਇਸ ਕਿਰਤ ਨੂੰ ਸਾਂਭ ਕੇ ਰੱਖਣ ਵਾਸਤੇ,
ਤਸਵੀਰਾਂ ਤੇ ਬੁੱਤਾਂ ਵਿਚ ਸਮੋ ਲਿਆ।

ਸੰਤ, ਸਿਪਾਹੀ, ਹਾਲੀ, ਦਾਨੀ ਤੇ ਕਦੇ
ਆਗੂ ਬਣ, ਦੁਨੀਆਂ ਦੇ ਧੋਣੇ ਧੋਵੰਦਾ।
ਲ਼ੋੜ ਪਏ ਦੁਨੀਆਂ ਵਿਚ ਪੈਦਾ ਹੋਣ ਦੀ,
ਰੱਬ ਵੀ ਮੇਰੇ ਵਿਚ ਦੀ ਪੈਦਾ ਹੋਵੰਦਾ।

ਪਿਆਰ ਦੇ ਰਾਹ 'ਤੇ ਚੱਲਦਿਆਂ, ਮੇਰੇ ਸਾਹਮਣੇ,
ਹਰ ਕਦਮ 'ਤੇ ਦਿਸੇ, ਸੇਜਾ ਪਿਆਰ ਦੀ।
ਹਰ ਮੁਸ਼ਕਿਲ ਦੇ ਵਿਚ ਹੈ ਨਿੱਘ ਪਿਆਰ ਦਾ,
ਹਰ ਨਜ਼ਾਰੇ ਵਿਚ ਹੈ ਸੂਰਤ ਯਾਰ ਦੀ।

↑ ਤਤਕਰਾ↑

ਮੈਂ, ਕਿ ਜਿਸ ਨੇ ਮਿੱਠਾ ਖਾ ਕੇ ਦੇਖਿਆ,
ਮੈਂ, ਕਿ ਜਿਸ ਨੇ ਕੌੜਾ ਸੁਣ ਕੇ ਦੇਖਿਆ,
ਮੈਂ, ਕਿ ਜੋ ਕਦੀ ਖੱਟਾ ਹੋ ਕੇ ਰਹਿ ਗਿਆ,
ਮੈਂ, ਕਿ ਜਿਸ ਨੇ ਘੁੱਟ ਵੀ ਭਰ ਕੇ ਦੇਖਿਆ।
ਪ੍ਰੇਮ-ਪੁਜਾਰੀ ਇੰਜ ਬਣਾਂ ਕਿ ਰੱਬ ਕੀ!
ਮਸਤੀ ਦੇ ਵਿਚ ਆ ਕੇ ਪੱਥਰ ਪੂਜਦਾਂ,
ਤੇ ਕਦੀ 'ਹੈਂਕੜ' ਨਾ ਮੰਨੇ ਰੱਬ ਨੂੰ,
ਰੋਹ 'ਚ ਆ ਕੇ, ਉਹਦੇ ਮੰਦਰ ਢਾ ਦਿਆਂ।

ਕੁੱਲੀ, ਗੁੱਲੀ, ਜੁੱਲੀ ਮਿਲੇ ਹਰੇਕ ਨੂੰ,
ਇਸ ਆਹਰ ਵਿਚ ਬਹੁਤਾ ਸਮਾਂ ਲੰਘਾ ਦਿਆਂ,
ਆਪਣੀ ਮਰਜ਼ੀ, ਆਪਣੀ ਚੌਧਰ ਵਾਸਤੇ,
ਬਾਕੀ ਸਮੇਂ 'ਚ, ਹਰ ਥਾਂ ਆਢਾ ਲਾ ਦਿਆਂ।

ਮੇਰੀ ਉਪਜ ਵੀ ਹੁੰਦੀ ਪਸ਼ੂਆਂ ਵਾਂਗਰਾਂ,
ਮੇਰੇ ਤੇ ਪਸ਼ੂਆਂ ਵਿਚ ਬਹੁਤਾ ਫ਼ਰਕ ਨਾ।

ਮੈਂ ਸੋਚਣ ਵਿਚ ਉਹਨਾਂ ਤੋਂ ਅੱਗੇ ਰਿਹਾ,
ਸੋਚ ਨੇ ਦੈਂਤਾਂ 'ਤੇ ਵੀ ਕਾਬੂ ਪਾ ਲਿਆ,
ਸੋਚ ਅਕਾਸ਼ਾਂ 'ਚੋਂ ਤਾਰੇ ਵੀ ਤੋੜ ਲਏ,
ਪਰ ਸੋਚ ਅਕਾਸ਼ਾਂ ਤੋਂ ਕਦੇ ਜੇ ਡਿੱਗ ਪਏ,
ਤਾਂ, ਮੇਰੇ ਤੇ ਪਸ਼ੂਆਂ ਵਿਚ ਬਹੁਤਾ ਫ਼ਰਕ ਨਾ,
ਮੇਰੀ ਉਪਜ ਵੀ ਹੁੰਦੀ ਪਸ਼ੂਆਂ ਵਾਂਗਰਾਂ।

ਮੈਂ, ਕਿ ਮੇਰਾ ਦਾਈਆ ਮੱਛੀ ਤੋਂ ਪਰੇ,
ਪੱਥਰ ਚੱਟਣ ਬਾਅਦ ਵੀ ਜੋ ਨਾ ਮੁੜੇ।

ਮੈਂ ਕਦੇ ਚੰਗਾ ਬਣਨ ਦੇ ਵਾਸਤੇ,
ਆਪਣੇ ਆਪ ਨੂੰ 'ਧਰੁਵ' ਦੇ ਉੱਤੇ ਲੈ ਗਿਆ,
ਤੇ ਜਦੋਂ, ਨੇਮਾਂ ਤੋਂ ਅ-ਧਰੁਵ ਹੋ ਗਿਆ,
ਚਾਰੇ ਪਾਸੇ ਲਹੂ ਦੇ ਛਿੱਟੇ ਪਾ ਗਿਆ।

ਆਪੇ ਪਾਈ ਲਕੀਰ ਤੋਂ ਵਧ ਕੇ ਕਦੇ,
ਮੈਂ ਮਨੁੱਖਤਾ ਦੀ ਆਜ਼ਾਦੀ ਨਾ ਸਵ੍ਹਾਂ।
ਮੇਰੀ ਕਲਮ 'ਚ ਹਨ ਜਬਾੑੜੇ ਮੌਤ ਦੇ,
ਕੀ ਗੋਲੀ! ਕੀ ਬਿਜਲੀ!! ਤੇ ਕੀ ਫਾਂਸੀਆਂ!!!
ਕਾਤਲ ਵਾਂਗੂੰ ਮੌਤ ਦਾ ਹੁਕਮ ਸੁਣਾ ਦਿਆਂ,
ਫਿਰ ਵੀ ਆਪਣੇ ਆਪ ਨੂੰ ਮੁਨਸਫ਼ ਕਵ੍ਹਾਂ।

↑ ਤਤਕਰਾ↑

ਮੈਂ ਗ਼ੁਲਾਮੀ ਨੂੰ ਹਾਂ ਧੱਬਾ ਸਮਝਦਾ,
ਪਰ ਗ਼ੁਲਾਮਾਂ ਦੀ ਸਦਾ ਲੋਚਾ ਕਰਾਂ।
ਇੱਛਾਵਾਂ ਦੇ ਲਈ, ਮੈਂ ਬੰਧਨ ਤੋੜਦਾਂ,
ਪਰ ਇੱਛਾਵਾਂ ਦਾ ਸਦਾ ਕੈਦੀ ਰਵ੍ਹਾਂ।

"ਹਰ ਉਚਾਈ ਮੇਰੀ ਹੀ ਤਾਂ ਕਿਰਤ ਹੈ"।
ਮਾਣ ਤੇ ਇੱਜ਼ਤ ਮੈਂ ਦੁਨੀਆਂ ਤੋਂ ਲਵਾਂ।
ਜੇ ਅਸਫ਼ਲਤਾ ਦੀ ਠੋਕਰ ਖਾ ਲਵਾਂ,
ਤਾਂ 'ਪਰਲੋਕੀ-ਰੱਬ' ਨੂੰ ਦੋਸ਼ੀ ਕਵ੍ਹਾਂ।

ਮੈਂ ਕਿ ਮੇਰੀ ਹੋਂਦ ਤਾਂ ਰੁੱਖ ਦੇ ਵਾਂਗਰਾਂ,
ਮੇਰੇ ਟਾਹਣਾ 'ਤੇ ਵੀ ਫੁੱਲ, ਫਲ ਲੱਗਦੇ।
ਮੈਂ, ਕਿ ਫਿਰ ਵੀ ਰੁੱਖ ਦੀ ਹੋਂਦ ਤੋਂ ਵੱਖਰਾ,
ਰੁੱਖ ਦੇ ਵਾਂਗੂੰ ਮੇਰਾ ਰਹਿਣਾ, ਨਾ ਕਦੇ।
ਮੇਰੀ ਪਤਝੜ ਜਦ ਮੇਰੇ 'ਤੇ ਆਵੰਦੀ,
ਮੇਰੇ ਫੁੱਲ, ਫਲ ਓਸੇ ਤਰ੍ਹਾਂ ਸੁਹਾਵੰਦੇ।
ਰੁੱਖ, ਕਿ ਜਿਸ ਤੇ ਫਿਰ ਬਹਾਰਾਂ ਆਉਂਦੀਆਂ,
ਮੈਂ, ਕਿ ਪਤਝੜ ਪਿਛੋਂ, ਮਿੱਟੀ ਜਾ ਮਿਲਾਂ।

ਦੁਨੀਆਂ ਦੀ ਹਰ ਸ਼ੈਅ ਮੁਸੀਬਤ ਦੇਖ ਕੇ,
ਬਚਣ ਦਾ ਜਦ ਕੋਈ ਉਪਰਾਲਾ ਕਰਾਂ,
ਮੈਂ ਤਿਆਗੀ ਹੋ ਕੇ, ਦੁਨੀਆਂ ਵਿਚ ਹੀ,
ਜੀਂਦੇ ਜੀਅ, ਮਰ ਜਾਣ ਦੀ ਕੋਸ਼ਿਸ਼ ਕਰਾਂ।
ਜੀਣਾ ਚਾਹਵਾਂ ਜਿਸ ਤਰ੍ਹਾਂ, ਨਾ ਜੀ ਸਕਾਂ,
ਤੇ ਕਦੀ, ਮਰ ਕੇ ਵੀ ਏਥੋਂ ਨਾ ਮਰਾਂ।

ਖੇਡਣ ਨੂੰ ਮੇਰਾ ਕਦੇ ਜੇ ਦਿਲ ਕਰੇ,
ਚੰਦਰਮਾਂ ਦਾ ਬੂਹਾ ਜਾ ਖੜਕਾ ਦਿਆਂ।
ਇਹ ਦੁਨੀਆਂ ਵਸਦੀ ਹੈ ਮੇਰੇ ਰਹਿਮ 'ਤੇ,
ਮੈਂ ਚਾਹਵਾਂ ਤਾਂ ਇਹਦਾ ਤੁਖ਼ਮ ਉੜਾ ਦਿਆਂ।
ਮੇਰੀ 'ਚਤਰਾਈ' ਦੀ, ਏਥੇ ਬੱਸ ਨਾ,
ਪਰ ਮੈਂ … … ਕਿ ਏਥੇ ਕੁਝ ਵੀ ਮੇਰੇ ਵੱਸ ਨਾ।

↑ ਤਤਕਰਾ↑

ਮੇਰੀਆਂ ਹੱਦਾਂ ਵੀ ਨੇ ਸਾਗਰ ਵਾਂਗਰਾਂ,
ਇਨ੍ਹਾਂ ਤੋਂ ਬਾਹਰ ਜਾਣ ਲਈ ਤਰਲੇ ਲਵਾਂ।
ਮੈ ਭੁਲਾਂ, ਕਿ ਬਿਨਾ 'ਆਕਾਰ ਦੀ ਹੱਦ' ਦੇ,
ਇਸ ਦੁਨੀਆਂ ਦੇ ਉੱਤੇ, ਹੋਏ ਵਜੂਦ ਨਾ।
ਮੈਂ ਭੁਲਾਂ, ਕਿ ਅੱਖ ਹੈ ਦੇਖਣ ਵਾਸਤੇ,
ਅੱਖ ਦਾ ਕੰਮ ਨਹੀਂ ਆਪਣੇ ਆਪ ਨੂੰ ਦੇਖਣਾ,
ਮੈਂ ਖ਼ੁਦ ਨੂੰ ਹੀ, ਸਭ ਤੋਂ ਪਹਿਲਾਂ, ਦੇਖਦਾਂ,
ਪਰ-ਉਪਕਾਰੀ ਕੀ ਹੈ? ਇਹ ਨਾ ਸੋਚਣਾ।
ਮੈਂ ਭੁੱਲਾਂ, ਕਿਉਂਕਿ ਅਧੂਰੀ ਕਿਰਤ ਹਾਂ,
ਅਸਲੀਅਤ ਤੋਂ ਮੈਂ ਅਜੇ ਅਨਜਾਣ ਹਾਂ।
ਜੋ 'ਪ੍ਰੀਤਮ' ਰਾਹਾਂ ਤੋਂ ਵਾਕਿਫ਼ ਨਹੀਂ,
ਉਹ ਮੁਸਾਫ਼ਿਰ, ਮੈਂ ਹੀ ਤਾਂ ਇਨਸਾਨ ਹਾਂ।

↑ ਤਤਕਰਾ↑

# ਤੇਰੀ ਤਸਵੀਰ

ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਬੜੇ ਰੰਗ ਵਰਤੇ ਨੇ ਚਿਹਰੇ ਦੇ ਉੱਤੇ,
ਇਹ ਸੁਹਣਾ ਤਾਂ ਲੱਗੇ, ਮੂੰਹੋਂ ਕੁਝ ਨਾ ਬੋਲੇ।
ਜਦੋਂ ਸਾਹਵੇਂ ਆਵਾਂ, ਨਾ ਹਿੱਲੇ, ਨਾ ਸੰਗੇ,
ਨਾ ਹੱਸ ਕੇ ਦਿਖਾਏ, ਨਾ ਅੱਖਾਂ ਹੀ ਖੋਲ੍ਹੇ।
ਮੈਂ ਕਿਹੜੇ ਖ਼ਿਆਲਾਂ ਤੇ ਰੰਗਾਂ ਨੂੰ ਲੱਭਾਂ,
ਜਿਨ੍ਹਾਂ ਵਿਚੋਂ ਤੇਰੀ ਝਲਕ ਮੁਸਕਰਾਏ,
ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਜ਼ੁਲਫ਼ਾਂ ਨੂੰ ਚਿਤਰਨ ਲਈ ਰੰਗ ਲੱਭਦਾ,
ਮੈਂ ਹੋ ਪਾਣੀ ਪਾਣੀ ਘਟਾਵਾਂ 'ਚ ਵੜਿਆ,
ਕਿਸੇ ਨਾਗਣੀ ਦੇ ਚੁਰਾਵਣ ਲਈ ਜਲਵੇ,
ਮੈਂ ਸੱਪਾਂ, ਸਪੇਰੇ, ਸਰਾਲਾਂ ਨਾ' ਲੜਿਆ।
ਪਰ ਇਹ ਜ਼ੁਲਫ਼ ਤੇਰੀ, ਨਾ ਮੇਲ੍ਹੇ, ਨਾ ਡੱਸੇ,
ਨਾ ਮਹਿਕੇ, ਨਾ ਚਮਕੇ, ਨਾ ਬਿਜਲੀ ਗਿਰਾਏ,
ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਚਮਕ ਸੂਰਜੋਂ ਲੈ, ਸਵੇਰੇ ਤੋਂ ਲਾਲੀ,
ਮੈਂ ਤੀਰਾਂ ਤੋਂ ਤਿੱਖੇ ਨਿਸ਼ਾਨੇ ਬਣਾਏ।
ਕਿਸੇ ਲਾਜਵੰਤੀ ਦੇ ਕੋਮਲ ਇਰਾਦੇ,
ਕਿਸੇ ਪਿਆਸੀ ਰੂਹ ਲਈ ਮੈਖ਼ਾਨੇ ਬਣਾਏ।
ਇਹ ਨੈਣਾ ਦਾ ਜਾਦੂ, ਨਾ ਸਿਰ ਚੜ੍ਹ ਕੇ ਬੋਲੇ,
ਨਾ ਸੈਨਤ ਹੀ ਮਾਰੇ, ਨਾ ਰਾਹੀਆਂ ਨੂੰ ਫ਼ਾਏ।
ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

↑ ਤਤਕਰਾ↑

ਤੇਰੀ ਚਾਲ ਵਿਚ ਹੈ ਜੋ ਮਸਤੀ ਤੇ ਸ਼ੋਖ਼ੀ,
ਇਹ ਹਾਥੀ ਤੇ ਦਰਿਆ ਦਾ ਸੰਗਮ ਬਣਾਇਆ,
ਗੱਲ ਇਹ, ਕਿ ਮੈਂ ਇਕ ਸਮੁੰਦਰ ਨੂੰ ਫੜ ਕੇ,
ਨਿੱਕੇ ਜਿਹੇ ਕੁੱਜੇ ‘ਚ ਪਾਉਣਾ ਹੈ ਚਾਹਿਆ।
ਇਹ ਇਕ ਪੈਰ ਅੱਗੇ ਤੇ ਇਕ ਪੈਰ ਪਿੱਛੇ,
ਨਾ ਮਸਤੀ ‘ਚ ਝੂਮੇ, ਨਾ ਭੜਥੂ ਹੀ ਪਾਏ,
ਮੈਂ ਤੇਰੇ ਸੁਹੱਪਣ ਨੂੰ ਰੰਗਾਂ ‘ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਕਲੀਆਂ ਭਰੀ ਲਚਕਦੀ ਸ਼ਾਖ਼ ਵਾਂਗੂੰ,
ਮੈਂ ਤੇਰੀਆਂ ਦੋਨੋਂ ਬਾਹਾਂ ਬਣਾਈਆਂ,
ਕਿਸੇ ਰੂਪਵੰਤੀ ਦੀ ਵਰ-ਮਾਲਾ ਬਣ ਕੇ,
ਮੇਰੇ ਗਲ ਨੂੰ ਵਧੀਆਂ, ਇਹ ਨਜ਼ਰੀਂ ਨਾ ਆਈਆਂ।
ਮੈਂ ਕਿਹੜੇ ਸਵੰਬਰ ਦੀ ਜੋਖੋਂ ‘ਚੋਂ ਲੰਘਾਂ,
ਕਿ ਇਹ, ਹਾਰ ਆ ਕੇ ਮੇਰੇ ਗਲ ‘ਚ ਪਾਏ।
ਮੈਂ ਤੇਰੇ ਸੁਹੱਪਣ ਨੂੰ ਰੰਗਾਂ ‘ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਪਰ ਤਸਵੀਰ ਤੇਰੀ ਜੋ ਦਿਲ ‘ਤੇ ਉਲੀਕੀ,
ਮੇਰਾ ਇਹਦਾ ਨਾਤਾ, ਜੁਗਾਂ ਤੋਂ ਪੁਰਾਣਾ।
ਹਨੇਰੇ ਸਵੇਰੇ ਰਵ੍ਹੇ ਚੌਹੀਂ ਪਾਸੀਂ,
ਕੋਈ ਇਸ ਤੋਂ ਸਿੱਖੇ, ਜੇ ਪ੍ਰੀਤਮ ਰੀਝਾਣਾ,
ਕੀ ਹੋਇਆ! ਇਹ ਤਸਵੀਰ ਰਹੀ ਹੈ ਅਧੂਰੀ,
ਕੀ ਹੋਇਆ ਜੇ ਮੈਥੋਂ ਬਣੀ ਨਾ ਬਣਾਏ,
ਇਹ ਸੱਧਰਾਂ ਤੋਂ ਉਪਜੀ, ਤਸੱਵਰ ਦੀ ਮੂਰਤ,
ਮੇਰੀ ਜ਼ਿੰਦਗੀ ਨੂੰ ਨਵੇਂ ਰਾਹ ਦਿਖਾਏ।

↑ ਤਤਕਰਾ↑

## ਪੰਜਾਬੀਅਤ

ਦਿਲ ਵਿਚ ਅਥਾਹ ਪਿਆਰ ਹੁੰਦਿਆਂ,
ਬੋਲੀ ਜੰਗ ਦੀ ਬੋਲੀ ਪੰਜਾਬੀਆਂ ਨੇ।
ਮੁੱਲ ਲੈਣ ਆਜ਼ਾਦੀਆਂ ਜਦੋਂ ਲੱਗੇ,
ਸਾਂਵੀਂ ਜ਼ਿੰਦਗੀ ਤੋਲੀ ਪੰਜਾਬੀਆਂ ਨੇ।
ਚਮਕਣ ਲਈ ਸਿਤਾਰਿਆਂ ਵਾਂਗ ਉੱਚਾ,
ਜਿੰਦ ਮਿੱਟੀ 'ਚ ਰੋਲੀ ਪੰਜਾਬੀਆਂ ਨੇ।
ਖ਼ੁਸ਼ੀਆਂ ਲਈ ਵਿਸਾਖੀ ਮਨਾਉਣ ਲੋਕੀ,
ਖੇਡੀ ਖ਼ੂਨ ਦੀ ਹੋਲੀ ਪੰਜਾਬੀਆਂ ਨੇ।

↑ ਤਤਕਰਾ↑

## ਸੁਪਨਾ

ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ,
ਅੱਧੀ ਰਾਤੇ, ਪ੍ਰੀਤਾਂ ਜਾਈ, ਸੁੱਤੀ ਪੀੜ ਜਗਾਈ।

ਅੰਬਰ ਦੇ ਵਿਚ ਤੇਰਾ ਚਿਹਰਾ, ਚੰਦ ਬੇ-ਚਾਰਾ ਲੱਗਾ,
ਇਕ ਇਕ ਹੰਝੂ ਤੇਰੀ ਅੱਖ ਦਾ, ਇਕ ਇਕ ਤਾਰਾ ਲੱਗਾ,
ਚਾਨਣੀਆਂ ਸੀ ਮੱਥੇ ਉੱਤੇ, ਗ਼ਮ ਦੀ ਕਾਲ਼ਖ਼ ਲਾਈ,
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

ਚੰਨ ਚਿਹਰੇ ਦੀ ਧਰਤੀ ਉੱਤੇ, ਚਰਖਾ ਕੋਈ ਚਲਾਏ,
ਹੌਕਿਆਂ ਵਰਗੇ ਲਾਹ ਗਲੋਟੇ, ਗੋਹਟੇ ਭਰਦਾ ਜਾਏ,
ਸੈ ਕੋਹਾਂ, ਸੋਚਾਂ ਦੀ ਤੰਦੀਂ, ਕਿਸੇ ਨੇ ਉਲਝਣ ਪਾਈ,
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

ਇੰਜ ਲੱਗਾ, ਕਿ ਦੂਰ ਦੁਰੇਡੇ ਉਹ ਚੰਦ ਨੀਵਾਂ ਹੋਇਆ,
ਕੀ ਦਰਿਆ! ਕੀ ਮਾਰੂਥਲ!! ਮੈਂ ਵਿਚੋਂ ਲੰਘ ਖਲੋਇਆ,
ਉਮਰਾਂ ਦੀ ਇਸ ਦੌੜ ਨੇ, ਮੇਰੀ ਵਿੱਥ ਨਾ ਰਤਾ ਘਟਾਈ,
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

ਫਿਰ ਇਹ ਲੱਗਾ, ਉਹ ਚੰਦ ਆ ਕੇ ਪਰਬਤ ਪਿੱਛੇ ਡਿੱਗਾ,
ਬਣ 'ਫ਼ਰਿਹਾਦ' ਮੈਂ ਚੀਰਿਆ ਪਰਬਤ, ਪਰ ਨਾ ਮੈਨੂੰ ਲੱਭਾ,
ਜੀਵਨ ਦੇ ਇਸ ਪਰਬਤ ਦੀ, ਕਿਸ ਨੇ ਕੀ ਬਣਤ ਬਣਾਈ!
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

ਇਹ ਸੁਪਨਾ ਹੈ ਉਮਰਾਂ ਜੇਡਾ, ਇਹਨੂੰ ਕਿੰਜ ਹਟਾਵਾਂ!
ਜਿੰਦ ਮਿਟਾਇਆਂ ਜੇ ਇਹ ਮੁੱਕੇ, ਤਾਂ ਮੈਂ ਜਿੰਦ ਮਿਟਾਵਾਂ।
ਕੀ ਕਰਾਂਗਾ ਜਿੰਦ ਮਿਟਾ ਕੇ ਵੀ ਜੇ ਮਿਲੀ ਜੁਦਾਈ।
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

↑ ਤਤਕਰਾ↑

## ਇਕ ਇਕਾਈ - 1

ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।
ਕੁਝ ਇਕਾਈਆਂ ਦੇ ਵਿਚ ਬੱਝੀ,
ਇਹ ਸਾਰੀ ਲੋਕਾਈ।

ਕੁਦਰਤ ਨੇ ਜਦ ਨਰ ਤੇ ਮਾਦਾ
ਇਸ ਜੱਗ 'ਤੇ ਉਪਜਾਇਆ,
ਇਕ ਨਰ ਦੇ ਲਈ ਇਕ ਮਾਦੇ ਦਾ
ਖ਼ਾਸ ਸੰਬੰਧ ਬਣਾਇਆ।
ਏਦਾਂ ਸੰਜੋਗਾਂ ਦੀ ਰੀਤੀ
ਧੁਰ ਤੋਂ ਗਈ ਬਣਾਈ,
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।

ਇਕ ਇਕਾਈ ਬਚਪਨ ਛੱਡ,
ਜਦ ਵਿਚ ਜਵਾਨੀ ਆਵੇ,
ਪਿਛਲੇ ਜਨਮ ਦਾ ਵਿੱਛੜਿਆ ਹੋਇਆ
ਸਾਥੀ ਲੱਭਣ ਜਾਵੇ।
ਦੋ ਰੂਹਾਂ ਦਾ ਮੇਲ ਕਰਨ ਲਈ,
ਰੱਬ ਤਦਬੀਰ ਬਣਾਈ,
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।

↑ ਤਤਕਰਾ↑

ਤਦਬੀਰਾਂ ਨੇ ਸੰਜੋਗਾਂ ਦੇ
ਧਾਗੇ ਵਿਚ ਪਰੋਇਆ
ਰੂਹਾਂ ਤੇ ਕਲਬੂਤਾਂ ਦਾ
ਅੱਜ ਮੇਲ ਸੁਹਾਣਾ ਹੋਇਆ।
ਫਿਰ ਮੈਂ ਤੇਰਾ ਪ੍ਰੀਤਮ ਬਣਿਆਂ,
ਤੂੰ ਮੋਹਣੀ ਬਣ ਆਈ,
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।

ਉਹ ਸੰਜੋਗ ਕਦੇ ਨਾ ਮਿਟਦੇ,
ਜਿਹੜੇ ਰੱਬ ਬਣਾਏ,
ਜਿਵੇਂ ਬਰਫ਼ ਪਾਣੀ ਤੇ ਬੱਦਲ
ਦੋ ਰੂਹਾਂ ਦੇ ਜਾਏ,
ਰੂਪ ਕੋਈ ਪਰ ਇਨ੍ਹਾਂ ਨੇ ਹਰ ਥਾਂ,
ਨਿਸਬਤ[1] ਉਹ ਹੀ ਪਾਈ,
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।

---

1. ਬਰਫ਼, ਪਾਣੀ ਅਤੇ ਬੱਦਲਾਂ ਵਿਚ
ਹਾਈਡਰੋਜਨ ਅਤੇ ਔਕਸੀਜਨ ਦੀ ਮਾਤਰਾ।

↑ ਤਤਕਰਾ↑

## ਇਕ ਇਕਾਈ - 2

ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ,
ਇਕ ਦੂਜੇ ਨੂੰ ਭਾਲਦਿਆਂ ਨੇ,
ਸਾਰੀ ਉਮਰ ਲੰਘਾਈ।

ਕੁਝ ਬਦਕਿਸਮਤ ਰੂਹਾਂ ਦੀਆਂ,
ਚੱਲੀਆਂ ਨਾ ਤਦਬੀਰਾਂ,
ਕਈ ਮਜਨੂੰ, ਕਈ ਰਾਂਝੇ ਰੋਏ,
ਕਈ ਲੈਲਾ, ਕਈ ਹੀਰਾਂ।
ਏਸ ਜਨਮ ਵਿਚ, ਪਿਆਰ ਉਨ੍ਹਾਂ ਦੇ,
ਠੌਰ ਨਾ ਕਿਧਰੇ ਪਾਈ।
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।
ਬੱਦਲਾਂ 'ਤੇ ਜਦ ਬਿਜਲੀ ਕੜਕੇ,
ਨਿਸਬਤ ਵੀ ਟੁੱਟ ਜਾਏ।
ਵਿੰਹਦੇ ਵਿੰਹਦੇ ਸਾਥ ਸੁਹਾਣਾ,
ਰੋ ਰੋ ਕੇ ਛੁੱਟ ਜਾਏ।
ਮੁੜ ਕੇ ਮੇਲ ਕਦੇ ਨਾ ਹੋਵੇ,
ਐਸੀ ਪਵੇ ਜੁਦਾਈ।
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।
ਜਿਵੇਂ ਇਕਾਈ ਐਟਮ ਦੀ,
ਜਦ ਫਟੇ ਤਾਂ ਕਹਿਰ ਮਚਾਏ,
ਏਦਾਂ ਹੀ ਜਦ ਇਕ ਦਿਲ ਟੁੱਟੇ,
ਤਨ ਮਨ ਲਾਂਬੂ ਲਾਏ।
ਪਰ ਕੀ ਇਹਦਾ ਜ਼ੋਰ ਕਿਸੇ 'ਤੇ,
ਇਹ ਤਾਂ ਇਕ ਇਕਾਈ।
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।

↑ ਤਤਕਰਾ↑

# ਇਕ ਇਕਾਈ - 3

ਤੂੰ ਵੀ ਇਕ ਇਕਾਈ, 'ਪ੍ਰੀਤਮ'!
ਮੈਂ ਵੀ ਇਕ ਇਕਾਈ,
ਤੇਰੀ ਹਸਤੀ, ਮੇਰੀ ਹਸਤੀ ਦੇ ਵਿਚ
ਫ਼ਰਕ ਨਾ ਕਾਈ।

ਵੱਖੋ ਵੱਖਰੇ ਗਹਿਣੇ ਲੈ ਕੇ,
ਬਿਰਹਾ ਜਦੋਂ ਜਲਾਏ,
ਫਿਰ ਮੁੜ ਕੇ ਸੋਨਾ ਕਰ ਦੇਵੇ,
ਇੱਕੋ ਰੂਪ ਬਣਾਏ।
ਅਸਾਂ ਵੀ ਇਕ ਦੂਜੇ ਦੇ ਅੰਦਰ,
ਆਪਣੀ ਹੋਂਦ ਸਮਾਈ,
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।

ਕਿਰਣ ਕਿਤੇ ਵੀ ਹੋਵੇ,
ਪਰ ਉਹ ਵੱਖ ਨਹੀਂ ਸੂਰਜ ਤੋਂ,
ਰੂਹ ਉੱਚੀ, ਸੇਤਜ, ਉਤਭੁਜ ਤੋਂ
ਤੇ ਅੰਡਜ, ਜੇਰਜ ਤੋਂ।
ਸਮਿਆਂ ਤੇ ਥਾਂਵਾਂ ਦੇ ਕੋਲੋਂ,
ਨਾ ਜਾਵੇ ਅਟਕਾਈ।
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।

ਇਸ਼ਕ, ਮੁਹੱਬਤ ਜ਼ਾਤ ਹੈ ਰੱਬ ਦੀ,
ਰੱਬ ਵੀ ਇਕ ਇਕਾਈ।
ਇਕ ਇਕਾਈ ਨੇ ਹੀ ਸਿਰਜੀ,
ਇਹ ਸਾਰੀ ਲੋਕਾਈ।
ਦੇਖ! ਅਸਾਂ ਵੀ ਦੁਨੀਆਂ ਤੋਂ ਵੱਖ,
ਦੁਨੀਆਂ ਨਵੀਂ ਵਸਾਈ।
ਤੂੰ ਵੀ ਇਕ ਇਕਾਈ, ਸੱਜਣੀ!
ਮੈਂ ਵੀ ਇਕ ਇਕਾਈ।

↑ ਤਤਕਰਾ↑

## ਅਸਲੀਅਤ ਕੀ ਹੈ?

### ਕੁੱਖ

ਕੁੱਖ ਦੀ ਹਸਤੀ ਦੁਨੀਆਂ ਦੇ ਵਿਚ,
ਵੰਨ-ਸੁਵੰਨੇ ਖੇਡ ਦਿਖਾਏ,
ਸਫ਼ਲ ਹੋ ਕੇ ਜੀਵਨ ਦੇਵੇ
ਤੇ ਕਦੇ ਇਹ ਬਾਂਝ ਰਹਿ ਜਾਏ।

ਇਕ ਕੁੱਖ ਖ਼ੂਹਣੀਆਂ ਗਾਲ ਦੇਂਦੀ ਹੈ,
ਬੇਸ਼ੱਕ ਉਹ ਸਫ਼ਲ ਹੋ ਜਾਏ।
ਤੇ ਇਕ ਕੁੱਖ ਬਾਂਝ ਰਹਿ ਕੇ ਵੀ, (ਦੇਖੋ ਸਫ਼ਾ 28)
ਸਭ ਨੂੰ ਮੰਜ਼ਿਲ ਤਕ ਪਹੁੰਚਾਏ।

ਕੁੱਖ ਨੇ ਭਗਤ ਤਾਂ ਪੈਦਾ ਕੀਤੇ,
ਪਰ ਜ਼ਾਲਿਮ ਭੀ ਕਿਉਂ ਉਪਜਾਏ?
ਜੀਵਨ ਦੇ ਚਾਨਣ ਦੇ ਉੱਤੇ,
ਕਿਉਂ ਇਹ ਮੌਤ ਦੇ ਨ੍ਹੇਰੇ ਪਾਏ?

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਸ੍ਰਿਸ਼ਟੀ ਦੀ ਸਿਰਜਨਤਾ ਦੇ ਵਿਚ,
ਕੁੱਖਾਂ ਦੀ ਅਸਲੀਅਤ ਕੀ ਹੈ?

↑ ਤਤਕਰਾ↑

## ਭੁੱਖ

ਇਕ ਭੁੱਖ ਤਨ ਦੇ ਨਾਲ ਸੰਬੰਧਤ,
ਇਕ ਭੁੱਖ ਮਨ ਦੇ ਤਲ ਤੋਂ ਆਵੇ।
ਇਕ ਭੁੱਖ ਦਿਲ ਦੀਆਂ ਗੱਲਾਂ ਚਾਹਵੇ,
ਇਕ ਭੁੱਖ ਰੂਹ ਦਾ ਚੋਗਾ ਖਾਵੇ।

ਕਦੇ ਮਨੁੱਖ ਦਾ ਤਨ ਮਨ ਵੇਚੇ,
ਕਦੇ ਬੇ-ਗ਼ੈਰਤ ਵੀ ਹੈ ਕਰਦੀ।
ਕਦੇ ਇਹ ਤੜਪ ਤੋਂ ਜਾਨ ਬਚਾਵੇ,
ਔਖੀ ਵੇਲੇ ਬਣ ਹਮਦਰਦੀ।

ਦੁਨੀਆਂ ਦੀ ਹਰ ਸ਼ੈਅ ਖਾ ਕੇ ਵੀ,
ਮਿਟਦੇ ਨਹੀਂ ਹਨ ਇਸ ਦੇ ਪਾੜੇ।
ਪਤਾ ਨਹੀਂ ਇਹ ਹਰ ਇਕ ਭੋਜਨ,
ਕਿਹੋ ਜਿਹੀ ਅੱਗ ਵਿਚ ਸਾੜੇ।

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਰੋਟੀ ਖਾਂਦਿਆਂ ਮੈਂ ਇਹ ਸੋਚਾਂ,
ਭੁੱਖਾਂ ਦੀ ਅਸਲੀਅਤ ਕੀ ਹੈ?

↑ ਤਤਕਰਾ↑

## ਰੁੱਖ

ਹਰੇ ਭਰੇ ਰੁੱਖਾਂ ਦੇ ਤਨ ‘ਤੇ,
ਉਹ ਸਮਾਂ ਵੀ ਆ ਜਾਂਦਾ ਹੈ,
ਉਹ ਹੀ ਧਰਤੀ ਅੰਬਰ ਹੁੰਦਿਆਂ,
ਫਿਰ ਭੀ ਰੁੱਖ ਮੁਰਝਾ ਜਾਂਦਾ ਹੈ।

ਪੱਤ ਝੜਦੇ ਤੇ ਫੁੱਲ ਫਲ ਟੁੱਟਦੇ,
ਰੁੱਤ ਉਦਾਸੀ ਛਾ ਜਾਂਦੀ ਹੈ।
ਪਰ ਇਹ ਉਸਦੀ ਮੌਤ ਨਹੀਂ ਹੈ,
ਫਿਰ ਹਰਿਆਵਲ ਆ ਜਾਂਦੀ ਹੈ।

ਤੇ ਕੁਝ ਰੁੱਖ ਅਜਿਹੇ ਵੀ ਨੇ,
ਸਦਾ ਬਹਾਰ ਉਨ੍ਹਾਂ ‘ਤੇ ਰਹਿੰਦੀ।
ਇਹ ਮੌਸਮ ਜਾਂ ਸਮੇਂ ਦੀ ਗਰਦਸ਼,
ਉਹਨਾਂ ਤਾਈਂ ਕੁਝ ਨਾ ਕਹਿੰਦੀ।

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਰੁੱਖ ਹੇਠਾਂ ਬੈਠਾ ਮੈਂ ਸੋਚਾਂ,
ਰੁੱਖਾਂ ਦੀ ਅਸਲੀਅਤ ਕੀ ਹੈ?

↑ ਤਤਕਰਾ↑

## ਮਨੁੱਖ

ਹਰ ਮਨੁੱਖੀ ਹੋਂਦ ਦੇ ਅੰਦਰ,
ਤਨ ਹੈ, ਮਨ ਹੈ, ਦਿਲ ਹੈ, ਰੂਹ ਹੈ।
ਹਰ ਚੰਗੀ ਜਾਂ ਮੰਦੀ ਸ਼ੈਅ ਦੀ,
ਹਰ ਮਨੁੱਖੀ ਹੋਂਦ ਨੂੰ ਸੂਹ ਹੈ।

ਇਹ ਵੀ ਜਾਣੇ, ਬਚਪਨ ਅੰਦਰ,
ਦਇਆਂ ਤੇ ਪਿਆਰ ਨੇ ਜਾਨ ਬਚਾਈ।
ਫਿਰ ਕਿਉਂ ਕੁਝ ਮਨੁੱਖਾਂ ਨੇ ਇਹ,
ਜੀਵਨ ਵਾਲੀ ਗੱਲ ਭੁਲਾਈ?

ਕਿਉਂ ਕੋਈ ਲਾਲਚ ਦੇ ਪਿੱਛੇ,
ਹਰ ਇਕ ਜੀਵ ਨੂੰ ਮਾਰਨਾ ਚਾਹਵੇ!
ਕਿਉਂ ਕੋਈ ਮਨੁੱਖਤਾ ਦੇ ਲਈ,
ਆਪਣੀ ਜਾਨ ਵੀ ਵਾਰਨਾ ਚਾਹਵੇ!

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਸ਼ਹੀਦ ਤੇ ਕਾਤਿਲ ਦੇਖ ਇਹ ਸੋਚਾਂ,
ਮਨੁੱਖਾਂ ਦੀ ਅਸਲੀਅਤ ਕੀ ਹੈ?

↑ ਤਤਕਰਾ↑

## ਦੁੱਖ

ਜੇ ਨੌਕਰ ਨੇ ਸਮੇਂ ਦੇ ਉੱਤੇ,
ਚਾਹ ਦਾ ਪਿਆਲਾ ਨਹੀਂ ਲਿਆਂਦਾ,
ਇਕ ਰਈਸ, ਦੌਲਤ ਦਾ ਮੱਤਾ,
ਪਲਾਂ ਦੇ ਵਿਚ ਦੁਖੀ ਹੋ ਜਾਂਦਾ।

ਤੇ ਕੋਈ, ਮਾਨੱਖਤਾ ਦੇ ਲਈ,
ਤੱਤੀ ਤਵੀ 'ਤੇ ਜਾ ਬਹਿੰਦਾ ਹੈ।
ਉੱਬਲਦੀਆਂ ਦੇਗਾਂ ਵਿਚ ਬਹਿ ਕੇ,
ਭਾਣਾ ਮੰਨ, ਸੁਖੀ ਰਹਿੰਦਾ ਹੈ।

ਤਨ, ਮਨ, ਦਿਲ ਤੇ ਰੂਹ ਦਾ, ਸੋਚਾਂ,
ਆਪਸ ਦੇ ਵਿਚ ਕੀ ਨਾਤਾ ਹੈ?
ਕਿਸੇ ਨੇ ਸੁਖ ਨੂੰ ਦੁੱਖ ਜਾਤਾ ਹੈ,
ਕਿਸੇ ਨੇ ਦੁੱਖ ਨੂੰ ਸੁਖ ਜਾਤਾ ਹੈ।

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਤਨ, ਮਨ, ਦਿਲ, ਰੂਹ ਦੀ ਦੁਨੀਆਂ ਵਿਚ,
ਦੁੱਖਾਂ ਦੀ ਅਸਲੀਅਤ ਕੀ ਹੈ?

↑ ਤਤਕਰਾ↑

## ਉਡੀਕ

ਜੀਵਨ ਧਾਗੇ ਦੀ ਗੰਢ ਖੁੱਲ੍ਹੀ,
ਇਹਦੇ ਮੋਤੀ ਬਿਖਰਣ ਵਾਲੇ,
ਠੰਡੇ ਹੋ ਰਹੇ ਬਦਨ ‘ਚ ਹਾਲੇ,
ਹਿਜਰ ਦੀ ਅੱਗ ਪਾਉਂਦੀ ਹੈ ਛਾਲੇ।
ਨੀਂਦ ਗਵਾਚੀ ਉਮਰਾਂ ਤੋਂ ਜੋ,
ਆਉਣ ਵਾਲੀ ਹੈ ਉਮਰਾਂ ਦੇ ਲਈ,
ਇਕ ਮਜਬੂਰ ਜਾਂ ਪੱਥਰ ਦਿਲ ਨੂੰ,
ਇਕ ਇਕ ਅੱਖ ਦਾ ਪੱਥਰ ਭਾਲੇ।

↑ ਤਤਕਰਾ↑

# ਦੋ ਪਲ ਉਧਾਰੇ

1

ਹੁਸਨ ਨੇ ਦੋ ਪਲ ਉਧਾਰੇ ਲੈ ਲਏ,
ਇਸ਼ਕ ਨੇ ਦੋ ਪਲ ਨਜ਼ਾਰੇ ਲੈ ਲਏ।

ਚੰਨ ਤਾਰਿਆਂ ਦੀ ਸੁਹਾਣੀ ਗੋਦ 'ਚੋਂ,
ਠੁਮਕ ਠੁਮਕ ਕਰਦਾ ਕੋਈ ਆ ਗਿਆ,
ਭੋਲ ਤੇ ਅਣਛੋਹ' ਜਵਾਨੀ ਟੁੰਬ ਕੇ,
ਪਿਆਰ ਦੇ ਸੁੱਤੇ ਖ਼ਿਆਲ ਜਗਾ ਗਿਆ।
ਦੋ ਦਿਲਾਂ ਸਾਂਝੇ ਸਹਾਰੇ ਲੈ ਲਏ,
ਹੁਸਨ ਨੇ ਦੋ ਪਲ ਉਧਾਰੇ ਲੈ ਲਏ।

ਵੇਲ, ਪੱਲਾ ਪਿਆਰ ਦਾ ਲੈ ਕੇ ਤੁਰੀ,
ਆਸਰੇ ਨੂੰ ਜਾ ਗਲਵੱਕੜੀ ਪਾ ਲਈ।
ਭੌਰ ਨੇ ਕੰਡਿਆਂ ਦੀ ਪਰਵਾ ਛੱਡ ਕੇ,
ਰੂਪ ਨੂੰ ਮਿਲਣ ਦੀ ਸੌਗੰਧ ਖਾ ਲਈ।
ਪਿਆਰ ਦੇ ਵਾਅਦੇ ਪਿਆਰੇ ਲੈ ਲਏ,
ਹੁਸਨ ਨੇ ਦੋ ਪਲ ਉਧਾਰੇ ਲੈ ਲਏ।

2.

ਪਿਆਰ ਦੇ ਹਿੱਸੇ ਹਿਜਰ ਦੀ ਅੱਗ ਹੈ,
ਪਿਆਰ ਦੇ ਹਿੱਸੇ 'ਚ ਆਈਆਂ ਦੂਰੀਆਂ,
ਪਿਆਰ ਦੇ ਹਿੱਸੇ 'ਚ ਮਹੁਰਾ ਚੱਟਣਾ,
ਪਿਆਰ ਦੇ ਹਿੱਸੇ 'ਚ ਹਨ ਮਜਬੂਰੀਆਂ।
ਖ਼ੁਸ਼-ਨਸੀਬੀ ਦੇ ਸਿਤਾਰੇ ਨਾ ਮਿਲੇ,
ਹੁਸਨ ਨੂੰ ਦੋ ਪਲ ਉਧਾਰੇ ਨਾ ਮਿਲੇ।

ਚੰਨ ਤਾਰਿਆਂ ਦੇ ਚਮਕਦੇ ਸ਼ਹਿਰ 'ਤੇ,
ਬੇਬਸੀ ਦਾ ਕਾਲਾ ਬੱਦਲ ਛਾ ਗਿਆ।
ਬਿਜਲੀ ਇੰਜ ਕੜਕੀ ਕਿਸੇ ਦੇ ਪਿਆਰ 'ਤੇ,
ਮਾਰੂ ਦਰਿਆਵਾਂ 'ਚ ਗੋਤੇ ਖਾ ਗਿਆ।
ਦੋਨੋਂ ਜਿੰਦਾਂ ਨੂੰ ਕਿਨਾਰੇ ਨਾ ਮਿਲੇ,
ਹੁਸਨ ਨੂੰ ਦੋ ਪਲ ਉਧਾਰੇ ਨਾ ਮਿਲੇ।

↑ ਤਤਕਰਾ↑

## ਦੋ ਨਜ਼ਾਰੇ

1.

ਤੂੰ ਪੀਂਘ ਚੜ੍ਹਾਵੰਦੀਏ! ਅੱਲ੍ਹੜ ਮੁਟਿਆਰੇ ਨੀ,
ਮੈਨੂੰ ਵੀ ਦੇਖਣ ਦੇ, ਅਨਮੋਲ ਨਜ਼ਾਰੇ ਨੀ!

ਕਦੇ ਉੱਤੇ ਜਾਵੇਂ ਤੂੰ, ਕਦੇ ਹੇਠਾਂ ਆਵੇਂ ਤੂੰ,
ਸਾਗਰ ਦੀਏ ਲਹਿਰੇ ਨੀ! ਤੇਰੇ ਦੂਰ ਕਿਨਾਰੇ ਨੀ।

ਜ਼ੁਲਫ਼ਾਂ ਦੀਆਂ ਨਾਗਣੀਆਂ, ਵਿਚ ਹਵਾ ਦੇ ਉੱਡਦੀਆਂ,
ਐਵੇਂ ਨਾ ਮਰ ਜਾਵਣ, ਰਾਹਗੀਰ ਵਿਚਾਰੇ ਨੀ।

ਤੇਰੀ ਖਿੱਚ ਉੱਤੇ ਨੂੰ, ਧਰਤੀ ਦੀ ਹੇਠਾਂ ਨੂੰ,
ਦੇਖਾਂਗੇ ਅੱਜ ਕਿਹੜਾ, ਜਿੱਤੇ ਜਾਂ ਹਾਰੇ ਨੀ।

ਤੀਆਂ ਦੀ ਰੁੱਤੇ ਨੀ, ਹਰ ਕਲੀ ਤੇਰੇ ਦਿਲ ਦੀ,
ਖਿੜ ਖਿੜ ਕੇ ਹੱਸੇ ਨੀ ਤੇ ਮਹਿਕ ਖਿਲਾਰੇ ਨੀ।

ਹੋ ਮਸਤ ਹੁਲਾਰੇ ਤੋਂ, ਮੂੰਹੋਂ ਜੋ ਬੋਲ ਦੇਵੇਂ,
ਉਹ ਗੀਤ ਬਣੀ ਜਾਂਦੇ, ਤੇਰੇ ਬੋਲ ਪਿਆਰੇ ਨੀ।

ਆਸਾਂ ਦੇ ਬਣ ਪਾਂਧੀ, ਲੈ ਜਾਣ ਆਕਾਸ਼ਾਂ ਨੂੰ,
ਰੇਸ਼ਮ ਦੀ ਡੋਰੀ ਦੇ, ਇਹ ਪ੍ਰੇਮ ਹੁਲਾਰੇ ਨੀ।

ਜਿਸ ਪਿਆਰ ਦੇ ਦੋ ਝੂਟੇ, ਤੇਰੇ ਸੰਗ ਲੈ ਲਏ ਨੇ,
ਉਹਦੇ ਤਾਂ ਚਮਕ ਪਏ, ਕਿਸਮਤ ਦੇ ਤਾਰੇ ਨੀ।

ਤੂੰ ਪੀਂਘ ਚੜ੍ਹਾਉਂਦੀ ਜਾ, ਇੰਞੇ ਮੁਟਿਆਰੇ ਨੀ,
ਮੈਂ ਬੁੱਤ ਬਣ ਦੇਖੀ ਜਾਂ' ਅਨਮੋਲ ਨਜ਼ਾਰੇ ਨੀ।

↑ ਤਤਕਰਾ↑

2.

ਤੂੰ ਪੀਂਘ ‘ਤੇ ਬੈਠੀ ਏਂ, ਚੁੱਪ ਹੋ ਮੁਟਿਆਰੇ ਨੀ,
ਮੈਂ ਵੀ ਹਾਂ ਦੇਖ ਰਿਹਾ, ਕੁਝ ਅਜਬ ਨਜ਼ਾਰੇ ਨੀ।

ਨਾ ਪੀਂਘ ਉਤਾਂਹ ਉੱਠੇ, ਨਾ ਗੀਤ ਕੋਈ ਗੂੰਜੇ,
ਕਿੱਥੇ ਨੇ ਹੁਲਾਰੇ ਨੀ! ਉਹ ਬੋਲ ਪਿਆਰੇ ਨੀ!!

ਜ਼ੁਲਫ਼ਾਂ ਦੀਆਂ ਨਾਗਣੀਆਂ, ਦਿੱਸਣ ਨਾ ਉੱਡਦੀਆਂ,
ਕਿਸ ਬੰਨ੍ਹ ਬਹਾਈਆਂ ਨੇ! ਕਿਸ ਮੰਤਰ ਮਾਰੇ ਨੀ।

ਧਰਤੀ ਨੂੰ ਖੁਰਚਦਿਆਂ, ਅੰਗੂਠਾ ਕਹਿੰਦਾ ਹੈ,
“ਤੇਰੀ ਖਿੱਚ, ਜਿੱਤ ਗਈ ਤੇ ਅਸੀਂ ਹਾਂ ਹਾਰੇ ਨੀ”।

ਧਰਤੀ ਤੇ ਧਰਤੀ ਦੇ ਬੰਦਿਆਂ ਨੇ ਰਲ ਮਿਲ ਕੇ,
ਤੇਰੇ ਪੈਰੀਂ ਬੰਨ੍ਹ ਦਿੱਤੇ, ਕੁਝ ਬੋਝੇ ਭਾਰੇ ਨੀ।

ਕੀ ਹੋਇਆ! ਤੈਨੂੰ ਨਾ ਮਿਲਿਆ ਜੋ ਚਹੁੰਦੀ ਸੈਂ,
ਹਰ ਇਕ ਦੀ ਕਿਸਮਤ ਵਿਚ, ਹੁੰਦੇ ਨਹੀਂ ਤਾਰੇ ਨੀ।

ਸਾਹਾਂ ਦੀ ਡੋਰੀ ਤੋਂ, ਜੀਵਨ ਦੀ ਪੀਂਘ ਬਣੇ,
ਇਸ ਪੀਂਘ ਤੋਂ ਮਿਲਦੇ ਨੇ, ਦੁੱਖ ਸੁਖ ਹੁਲਾਰੇ ਨੀ।

ਜੇ ਗ਼ਮ ਦੀ ਘਟਾ ਕਾਲੀ, ਛਾਈ ਹੈ ਤਾਂ ਬਰਸੇਗੀ,
ਉਹ ਆਪ ਵੀ ਨਹੀਂ ਰਹਿੰਦਾ, ਜੋ ਕਿਸੇ ਨੂੰ ਮਾਰੇ ਨੀ।

ਘਨਘੋਰ ਘਟਾਵਾਂ ਤਾਂ ਮੋਰਾਂ ਦਾ ਜੀਵਨ ਹੈ,
ਚੱਲ! ਹਿੱਲ ਤੂੰ ਮੋਰਨੀਏਂ, ਫਿਰ ਮਾਣ ਹੁਲਾਰੇ ਨੀ।

ਪਿੱਪਲੀਂ ਵੀ ਪੀਂਘਾਂ ਨੇ, ਬਾਗੀਂ ਵੀ ਮੇਲੇ ਨੇ,
ਇਹ ਤੈਨੂੰ ਲੋਚ ਰਹੇ, ਸਾਰੇ ਦੇ ਸਾਰੇ ਨੀ।

ਕਿਉਂ ਪੀਂਘ ‘ਤੇ ਬੈਠੀ ਏਂ, ਚੁੱਪ ਹੋ ਮੁਟਿਆਰੇ ਨੀ,
ਫਿਰ ਝੂਮ ਕੇ ਲੈ ਲੈ ਅੱਜ, ਦੋ ਮਸਤ ਹੁਲਾਰੇ ਨੀ,
ਮੈਨੂੰ ਵੀ ਦੇਖਣ ਦੇ, ਅਨਮੋਲ ਨਜ਼ਾਰੇ ਨੀ।

↑ ਤਤਕਰਾ↑

# ਪਿਆਰ ਦੀ ਹੋਂਦ

ਦੁਨੀਆਂ ਦੇ ਵਿਚ ਜੋ ਵੀ ਦਿਲ ਹੈ,
ਉਹ ਨਹੀਂ ਪਿਆਰ  ਤੋਂ ਵਾਂਝਾ।
ਪਿਆਰ ਦੀ ਖ਼ਾਤਰ ਮਰਨ ਦਾ ਹੀਆ,
ਹੈ ਸਭਨਾਂ ਦਾ ਸਾਂਝਾ।
ਭਾਵੇਂ ਬੋਲ ਕੇ ਆਖ ਸਕੇ ਨਾ,
"ਮੈਂ ਤੇਰੇ ਤੋਂ ਵਾਰੀ!"
ਹਰ ਲੜਕੀ ਵਿਚ ਹੀਰ ਹੁੰਦੀ ਹੈ,
ਹਰ ਲੜਕੇ ਵਿਚ ਰਾਂਝਾ।

↑ ਤਤਕਰਾ↑

## ਮਿਲਾਪ

ਐ ਸੱਜਣ! ਤੇਰੀ ਬੁੱਕਲ ਦਾ ਨਿੱਘ,
ਆਪਣਾ ਆਪ ਭੁਲਾ ਦੇਵੇ।
ਸਮਿਆਂ ਤੋਂ ਜਾਗੀ ਭਟਕਣ ਨੂੰ,
ਪਿਆਰ ਦੀ ਨੀਂਦ ਸੁਲਾ ਦੇਵੇ।

ਨਾ ਦਿਲ ਤੜਪੇ, ਨਾ ਮਨ ਸੋਚੇ,
ਨਾ ਕੋਈ ਸ਼ੈਅ ਪ੍ਰੋਂਦੀ ਹੈ,
ਨਾ ਮਸਤੀ, ਨਾ ਚਾਹ ਮਸਤੀ ਦੀ,
ਐਸੀ ਦਸ਼ਾ ਮਿਲਾ ਦੇਵੇ।

ਨਾ ਦੁਨਿਆਵੀ ਖਿੱਚ ਹੀ ਕੋਈ,
ਨਾ ਅੰਬਰ ਦੀਆਂ ਤਾਂਘਾਂ ਹੀ,
ਜਿਸ ਨੂੰ ਮੌਤ ਕਦੇ ਨਾ ਆਵੇ,
ਉਹ ਜੀਣਾ ਸਿਖਲਾ ਦੇਵੇ।

↑ ਤਤਕਰਾ↑

## ਧੁੱਪ / ਚਾਨਣੀ

ਧੁੱਪ ਕਿਸੇ ਦੇ ਹਿੱਸੇ ਆਈ,
ਸਾਡੇ ਹਿੱਸੇ ਚਾਨਣੀ,
ਜਿਨ੍ਹਾਂ ਦੇ ਪੱਲੇ ਰਾਤ ਪਈ ਹੈ,
ਉਹਨਾਂ ਧੁੱਪ ਕੀ ਮਾਨਣੀ!

ਧੁੱਪ ਵਿਚ ਨਿੱਘ ਹੈ, ਧੁੱਪ ਵਿਚ ਚਾਨਣ,
ਧੁੱਪ ਵਿਚ ਹੋਂਦ ਬਹਾਰ ਦੀ।
ਧੁੱਪ ਹੈ ਜੀਵਨ, ਧੁੱਪ ਚਮਕੀਲੀ,
ਧੁੱਪ ਹਰ ਸ਼ੈਅ ਨਿਖਾਰਦੀ।
ਧੁੱਪ ਕਿਸੇ ਦੇ ਹਿੱਸੇ ਆਈ,
ਸਾਡੇ ਹਿੱਸੇ ਚਾਨਣੀ।

ਧੁੱਪ ਸੁਹੱਪਣ ਚੰਦ ਤੋਂ ਸੁਹਣਾ,
ਧੁੱਪ ਮਹਿਕ ਹਰ ਡਾਲ ਦੀ।
ਧੁੱਪ ਜਵਾਨੀ, ਧੁੱਪ ਰਵਾਨੀ
ਧੁੱਪ ਹੈ ਖ਼ੁਸ਼ੀਆਂ ਪਾਲਦੀ।
ਧੁੱਪ ਕਿਸੇ ਦੇ ਹਿੱਸੇ ਆਈ,
ਸਾਡੇ ਹਿੱਸੇ ਚਾਨਣੀ।

↑ ਤਤਕਰਾ↑

ਧੁੱਪ ਸੱਤ-ਰੰਗੀ, ਪੀਂਘਾਂ ਪਾਵੇ,
ਮੋਰਾਂ ਪੈਲ ਪਵਾਵੰਦੀ।
ਫੁੱਲਾਂ ਨੂੰ ਇਹ ਪਿੱਛੇ ਲਾ ਲਏ,
ਸੁੱਤਿਆਂ ਛੇੜ ਜਗਾਵੰਦੀ।
ਧੁੱਪ ਕਿਸੇ ਦੇ ਹਿੱਸੇ ਆਈ,
ਸਾਡੇ ਹਿੱਸੇ ਚਾਨਣੀ।

ਚਾਨਣੀ ਦੀ ਲੋਅ ਮੰਗੀ-ਤੰਗੀ,
ਬੜੇ ਕੁਵੇਲੇ ਆਵੰਦੀ।
ਨਾ ਇਹ ਮਾਰੇ, ਨਾ ਇਹ ਛੱਡੇ,
ਵਿੱਚੇ ਵਿਚ ਸੁਲਗਾਵੰਦੀ।
ਧੁੱਪ ਕਿਸੇ ਦੇ ਹਿੱਸੇ ਆਈ,
ਸਾਡੇ ਹਿੱਸੇ ਚਾਨਣੀ।

ਰਾਤ ਦੇ ਸਿਰ, ਗ਼ਮੀਆਂ ਦਾ ਜ਼ੁੰਮਾ,
ਮੜ੍ਹ ਜਾਣਾ ਹੀ ਬਿਹਤਰ ਹੈ।
ਸੁਲਗਣ ਨਾਲੋਂ, ਦੁਨੀਆਂ ਵਾਲਿਓ!
ਸੜ ਜਾਣਾ ਹੀ ਬਿਹਤਰ ਹੈ।

ਧੁੱਪ ਕਿਸੇ ਦੇ ਹਿੱਸੇ ਆਈ,
ਸਾਡੇ ਹਿੱਸੇ ਚਾਨਣੀ।
ਜਿਨ੍ਹਾਂ ਦੇ ਪੱਲੇ ਰਾਤ ਪਈ ਹੈ,
ਉਹਨਾਂ ਧੁੱਪ ਕੀ ਮਾਨਣੀ!

↑ ਤਤਕਰਾ↑

## ਕੁਝ ਖ਼ਿਆਲ

ਗੰਦਗੀ ‘ਚੋਂ ਉੱਠ, ਉੱਚਾ ਖੜ੍ਹ ਗਿਆ,
ਤੇਰੀ ਸੁੰਦਰਤਾ ਦਾ ਸੂਰਜ ਚੜ੍ਹ ਗਿਆ,
ੳ ਕੰਵਲ! ਅੱਜ ਤੇਰੀ ਹਿੰਮਤ ਦੇਖ ਕੇ,
ਗੰਧਲੇ ਪਾਣੀ ਦਾ ਚਰਚਾ, ਹੜ੍ਹ ਗਿਆ।

ਕਿਰਣ, ਕਿਸਮਤ ਨੇ ਖਿਡਾਇਆ ਹੈ ਸਦਾ,
ਆਪਣੀ ਮਰਜ਼ੀ ‘ਤੇ ਖਿੜਾਇਆ ਹੈ ਸਦਾ,
ਕਠ-ਪੁਤਲੀ ਦੇ ਵਾਂਗ ਤੈਨੂੰ, ੳ ਕੰਵਲ!
ਜਿੱਦਾਂ ਜੀਅ ਚਾਹਿਆ ਨਚਾਇਆ ਹੈ ਸਦਾ।

ਗੰਦਗੀ ‘ਚੋਂ ਨਿਕਲ, ਕਾਹਦਾ ਹੁੱਬਣਾ!
ਤੇਰੀ ਸੁੰਦਰਤਾ ਦਾ ਸੂਰਜ ਡੁੱਬਣਾ,
ੳ ਕੰਵਲ! ਹਿੰਮਤ ਤਾਂ ਤੇਰੀ ਸੀ ਬੜੀ,
ਪਰ ਤੇਰੇ ਪੱਤਿਆਂ ਓਸੇ ਪਾਣੀ ਡਿੱਗਣਾ।

ੳ ਪ੍ਰੀਤਮ! ਸ਼ਾਨ ਦੀ ਇੱਕੋ ਘੜੀ,
ਆਦਮੀ ਦੀ ਉਮਰ ਵਿਚ ਹੁੰਦੀ ਬੜੀ,
ਇਕ ਪਲ ਦੀ ਜ਼ਿੰਦਗੀ ਵੀ, ਜ਼ਿੰਦਗੀ,
ਕੀ ਹੋਇਆ, ਜੇ ਮੌਤ ਲਾਗੇ ਹੈ ਖੜੀ?

ਉਸ ਦੁਰਾਹੇ ‘ਤੇ ਹਾਂ ਮੁੜ ਕੇ ਪਹੁੰਚਿਆ,
ਸਾਂ ਜਿਹੜੀ ਥਾਂ ਤੋਂ ਮੈਂ ਪਹਿਲਾਂ ਭਟਕਿਆ,
ਅੱਜ ਵੀ, ਰਸਤਾ ਦਿਖਾਵਣ ਦੇ ਲਈ,
ਪਹਿਲੇ ਵਾਲਾ ਹੀ ਹੈ ਰਹਿਬਰ ਮਿਲ ਪਿਆ।

ਹੋਸ਼ ਦੇ ਵਿਚ ਮਸਤ, ਗਾਉਂਦਾ ਮੈਂ ਫਿਰਾਂ,
ਅਣਖ ਸੁੱਤੀ ਨੂੰ, ਜਗਾਉਂਦਾ ਮੈਂ ਫਿਰਾਂ,
ਮੇਰੀ ਮਸਤੀ ਨਸ਼ਿਆਂ ਦੀ ਮੁਹਤਾਜ ਨਹੀਂ,
ਪਾਣੀਆਂ ਦੀ ਅੱਗ ਬੁਝਾਉਂਦਾ ਮੈਂ ਫਿਰਾਂ।

ਜ਼ਿੰਦਗੀ ਦਾ ਵੱਲ ਸਿਖਾਏ, ਪਿਆਰ ਹੈ,
ਡਿੱਗਿਆਂ ਨੂੰ ਗਲ ਲਗਾਏ, ਪਿਆਰ ਹੈ,
ਜਾਤਾਂ ਤੇ ਨਸਲਾਂ ਤੋਂ ਹੋ ਕੇ ਅੰਨ੍ਹਿਆਂ,
ਫੇਰ ਵੀ ਜੋ ਰਾਹ ਦਿਖਾਏ, ਪਿਆਰ ਹੈ।

↑ ਤਤਕਰਾ↑

ਪਿਆਰ ਸੱਚੇ ਰੱਬ ਦੀ ਸੌਗਾਤ ਹੈ,
ਪਿਆਰ ਦੇ ਸਿਰ ‘ਤੇ ਹੀ ਕਾਇਨਾਤ ਹੈ,
ਕੁਰਬਾਨੀਆਂ ਦੀ ਭੀਖ, ਜਿਹੜਾ ਮੰਗਦਾ,
ਐ ਪ੍ਰੀਤਮ! ਪਿਆਰ ਨਹੀਂ ਜਜ਼ਬਾਤ ਹੈ।

ਆਵਾਗਉਣ ਦਾ ਜੋ ਇਹ ਸਵਾਲ ਹੈ,
ਮਾਨੁਖਤਾ ਦੀ ਬੜੀ ਪੁਰਾਣੀ ਭਾਲ ਹੈ,
ਮੈਂ ਇਹਨੂੰ ਮੰਨਾਂ, ਨਾ ਮੰਨਾਂ, ਦੋਸਤੋ!
ਉਮੀਦ ਰੱਖਣ ਲਈ ਇਹ ਚੰਗਾ ਖ਼ਿਆਲ ਹੈ।

ਮੈਂ ਬਿਨਾਂ ਇਨਸਾਫ਼ ਦੇ ਕਿੰਜ ਜੀਅ ਲਵਾਂ!
ਲੋਭੀ ਪਿਆਰਾਂ ਦਾ ਸਹਾਰਾ ਕੀ ਲਵਾਂ!
ਮੈਂ ਕਦੇ ਮੀਰਾਂ, ਕਦੇ ਸੁਕਰਾਤ ਹਾਂ,
ਮੈਂ ਪਿਆਲਾ ਜ਼ਹਿਰ ਦਾ ਵੀ ਪੀ ਲਵਾਂ।

ਪੈਰ ਅੱਗੇ ਰੱਖਿਆ ਹੈ, ਹੋਰ ਰੱਖ,
ਹੌਸਲੇ ਆਪਣੇ ਦੇ ਉੱਤੇ, ਡੋਰ ਰੱਖ,
ਵਿਚ ਤੂਫ਼ਾਨਾਂ ਵੀ ਪ੍ਰੀਤਮ! ਆਪਣੀ,
ਵਰ੍ਹਨ ਵਾਲੇ ਬੱਦਲਾਂ ਦੀ ਤੋਰ ਰੱਖ।

ਐ ਪ੍ਰੀਤਮ! ਪਿਆਰ ਦੇ ਕਾਬਲ, ਤੂੰ ਬਣ,
ਪਿਆਰ ਦੇ ਇਕਰਾਰ ਦੇ ਕਾਬਲ, ਤੂੰ ਬਣ,
ਇਹ ਵੀ ਬਣ ਜਾਵੇਂ ਤਾਂ ਵੱਡੀ ਗੱਲ ਨਹੀਂ,
ਫਿਰ ਜ਼ਰਾ ਇਤਬਾਰ ਦੇ ਕਾਬਲ, ਤੂੰ ਬਣ।

ਪੱਥਰਾਂ ਤੋਂ ਗਰਦ ਬਣ ਕੇ ਤਾਂ ਦਿਖਾ!
ਤੂੰ ਜ਼ਰਾ ਹਮਦਰਦ ਬਣ ਕੇ ਤਾਂ ਦਿਖਾ!
ਸੱਚ ਨੂੰ ਫਾਂਸੀ ‘ਤੇ ਚੜ੍ਹਦਾ ਦੇਖ ਕੇ,
ਇਕ ਬਾਗ਼ੀ-ਮਰਦ ਬਣ ਕੇ ਤਾਂ ਦਿਖਾ।

ਸਾਥੀਓ! ਤੇ ਪਿਛੋਂ ਆਵਣ ਵਾਲਿਓ!!
ਨਫ਼ਰਤਾਂ ਨੂੰ ਪ੍ਰੇਮ ਅੰਦਰ ਢਾਲਿਓ,
ਜ਼ਿੰਦਗੀ ਦੇ ਨਾਲ ਆਸਾਂ ਬਹੁਤ ਨੇ,
ਜ਼ਿੰਦਗੀ ਨੂੰ ਭਲਕ ਲਈ ਸੰਭਾਲਿਓ।

↑ ਤਤਕਰਾ↑

ਗ਼ਰੀਬ ਨੂੰ ਅਮੀਰ ਨੇ ਹੈ ਮਾਰਿਆ,
ਨਫ਼ਰਤਾਂ ਦੇ, ਤੀਰ ਨੇ ਹੈ ਮਾਰਿਆ,
ਅੱਜ ਸਾਨੂੰ ਬੜ੍ਹਕਦੇ ਸ਼ੇਰਾਂ ਨਹੀਂ,
ਸੁੱਤੀ ਪਈ ਜ਼ਮੀਰ ਨੇ ਹੈ ਮਾਰਿਆ।

ਨਾ ਕਿਸੇ ਸ਼ਮਸ਼ੀਰ ਨੂੰ ਜਗਾ ਦਿਓ,
ਨਾ ਹੀ ਜ਼ੁਲਮੀ ਤੀਰ ਨੂੰ ਜਗਾ ਦਿਓ,
ਜ਼ੁਲਮ ਨੂੰ ਜੜ੍ਹਾਂ ਤੋਂ ਪੁੱਟਣ ਵਾਸਤੇ,
ਸੁੱਤੀ ਪਈ ਜ਼ਮੀਰ ਨੂੰ ਜਗਾ ਦਿਓ।

ਨਫ਼ਰਤਾਂ ਨੂੰ ਠੱਲ੍ਹ, ਲੱਭ ਸਕਦੇ ਨਹੀਂ?
ਜੀਣ ਦਾ ਕੁਝ ਵੱਲ, ਲੱਭ ਸਕਦੇ ਨਹੀਂ?
ਤੂੰ ਤੇ ਮੈਂ ਜੇ 'ਕੱਠੇ ਬਹਿ ਕੇ ਸੋਚੀਏ,
ਕਿਹੜੀ ਸ਼ੈਅ ਦਾ ਹੱਲ ਲੱਭ ਸਕਦੇ ਨਹੀਂ?

↑ ਤਤਕਰਾ↑

## ਪਾਣੀਆਂ! ਓ ਪਾਣੀਆਂ!!

ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!
ਤੇਰੀ ਕਿਸਮਤ, ਕੰਢਿਆਂ ਤੋਂ ਠੋਕਰਾਂ ਹੀ ਖਾਣੀਆਂ।

ਅਨਗਿਣਤ ਲੋਕਾਂ ਨੂੰ ਆਪਣੀ ਹੋਂਦ 'ਚੋਂ ਜੀਵਨ ਦੇਵੇਂ,
ਇਹਦੇ ਬਦਲੇ ਦੁਨੀਆਂ ਭਰ ਦਾ ਨਰਕ ਤੂੰ ਵਾਪਸ ਲਵੇਂ,
ਤੇਰੀ ਕੁਰਬਾਨੀ ਦੀਆਂ, ਦੁਨੀਆਂ ਨਾ ਕਦਰਾਂ ਜਾਣੀਆਂ,
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਠੋਕਰਾਂ ਤੋਂ ਬਚਣ ਦੇ ਲਈ, ਜੇ ਆਕਾਸ਼ੀਂ ਚੜ੍ਹ ਗਿਓਂ,
ਏਥੇ ਧੁੱਪਾਂ, ਉੱਤੇ ਜਾ ਕੇ ਬਿਜਲੀਆਂ ਤੋਂ ਸੜ ਗਿਓਂ,
ਅੰਬਰਾਂ ਦੇ ਵਿਚ ਵੀ ਦੋ ਦਿਨ ਨਾ ਮੌਜਾਂ ਮਾਣੀਆਂ।
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਖਾ ਕੇ ਗੁੱਸਾ, ਤੂੰ ਕਦੇ ਇੰਜ ਗੱਜਿਆ ਤੇ ਵਰ੍ਹ ਗਿਆ,
ਟੋਏ ਟਿੱਬੇ ਇਕ ਕਰਕੇ, ਭਾਰ ਹੌਲਾ ਕਰ ਗਿਆ,
ਅੱਗ ਅੱਗਾਂ ਨੂੰ ਤੂੰ ਲਾਈ, ਜਦ ਵੀ ਬੁਰੀਆਂ ਠਾਣੀਆਂ,
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਤੂੰ ਕਦੇ ਹਰਿਆਵਲਾਂ 'ਤੇ ਪਿਆਰ ਬਣ ਕੇ ਛਾ ਗਿਆ,
ਲੋੜਵੰਦ ਲੋਕਾਂ ਲਈ, ਆਸਾਂ ਦੀ ਛਹਿਬਰ ਲਾ ਗਿਆ,
ਤਪਦਿਆਂ ਰਾਹਾਂ ਦੇ ਉੱਤੇ, ਚਾਦਰਾਂ ਤੂੰ ਤਾਣੀਆਂ।
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਬਰਫ਼ ਵਰਗਾ ਸੀਤ ਹੈਂ ਤੇ ਭਾਫ਼ ਵਰਗਾ ਗਰਮ ਹੈਂ,
ਦਿਲ ਤੇਰੇ ਵਿਚ ਖਾਰ ਹੈ, ਪਰ ਉੱਪਰੋਂ ਤੂੰ ਨਰਮ ਹੈਂ,
ਕਿਥੋਂ ਸਿੱਖੀਆਂ, ਏਨੀਆਂ ਇਹ ਸੂਰਤਾਂ ਬਦਲਾਣੀਆਂ?
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

↑ ਤਤਕਰਾ↑

ਸਾਗਰਾਂ 'ਚੋਂ ਮਰ, ਤੂੰ ਅਸਮਾਨਾਂ ਦੇ ਸੁਰਗੀਂ ਜਾ ਵਸੇ,
ਨਵੀਆਂ ਬੂੰਦਾ ਦਾ ਜਨਮ ਲੈ, ਫੇਰ ਧਰਤੀ ਵੱਲ ਨੱਸੇਂ,
ਕਿੰਨੀਆਂ ਕੁ ਫੇਰੀਆਂ, ਬਾਕੀ ਅਜੇ ਨੇ ਲਾ'ਣੀਆਂ,
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਇਸ ਤਰ੍ਹਾਂ ਜਨਮਾਂ ਦੇ ਗੇੜੇ, ਲਾਏ ਕਿੰਨੀ ਵਾਰੀਆਂ?
ਤੇਰੀ ਗਹਿਰਾਈ 'ਚ ਛੁਪੀਆਂ ਨੇ ਇਹ ਗੱਲਾਂ ਸਾਰੀਆਂ।
ਚੰਦਰਮਾਂ ਦੇ ਦੋਸਤਾ! ਓ ਧਰਤੀਆਂ ਦੇ ਹਾਣੀਆਂ!!
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਓ ਸਾਗਰਾਂ ਦੇ ਪਾਣੀਆਂ!
ਓ ਗਾਗਰਾਂ ਦੇ ਪਾਣੀਆਂ!

ਚਸ਼ਮਿਆਂ ਦੇ ਪਾਣੀਆਂ!
ਝਰਨਿਆਂ ਦੇ ਪਾਣੀਆਂ!

ਪਰਬਤਾਂ ਦੇ ਪਾਣੀਆਂ!
ਓ ਕਿਸਮਤਾਂ ਦੇ ਪਾਣੀਆਂ!

↑ ਤਤਕਰਾ↑

## ਵਿਸਾਖੀ

ਦਿਲ ਜਦੋਂ ਵੀ ਕਿਸੇ ਦਾ ਖ਼ੁਸ਼ ਹੁੰਦੈ,
ਓਦੋਂ ਹੱਸਣ ਹਸਾਉਣ ਨੂੰ ਜੀਅ ਕਰਦੈ।
ਸੁੱਤੇ ਪਿਆਂ ਵੀ ਖ਼ੁਸ਼ੀ ਦੇ ਅੰਬਰਾਂ ‘ਤੇ,
ਉੱਡਣ ਅਤੇ ਉਡਾਉਣ ਨੂੰ ਜੀਅ ਕਰਦੈ।
ਲੋਰ ਵਿੱਚ ਗਿੱਧੇ, ਲੋਰ ਵਿਚ ਕਿਕਲੀ,
ਪੀਂਘਾਂ ਚੜ੍ਹਨ ਚੜ੍ਹਾਉਣ ਨੂੰ ਜੀਅ ਕਰਦੈ।
ਛਿੰਜਾਂ, ਭੰਗੜੇ, ਬੋਲੀਆਂ ਪਾ ਪਾ ਕੇ,
ਚੰਗਾ ਖਾਣ ਖੁਆਉਣ ਨੂੰ ਜੀਅ ਕਰਦੈ।
ਸਾਡੀ ਜ਼ਿੰਦਗੀ ਵਿਚ ਦਿਨ ਇਸ ਤਰ੍ਹਾਂ ਦੇ,
ਐਵੇਂ ਗਿਣਵੇਂ ਮਿਣਵੇਂ ਹੀ ਆਵੰਦੇ ਨੇ,
ਯਾਰਾਂ ਨਾਲ ਬਹਾਰਾਂ ਨੇ, ਯਾਰ ਮੇਰੇ!
ਮੇਲੇ, ਮਿੱਤਰਾਂ ਨਾਲ ਸੁਹਾਵੰਦੇ ਨੇ।

ਦਿਨ ਬਣ ਵਿਸਾਖੀ ਦਾ, ਇਹ ਫ਼ਿਤਰਤ,
ਹੁਸਨ ਰੱਬ ਦਾ ਜਦੋਂ ਖਿਲਾਰਦੀ ਹੈ,
ਹੋਈ ਰੁੰਡ ਮਰੁੰਡ ਫ਼ਿਜ਼ਾ ਤਾਈਂ,
ਨਵੀਂ ਰੁੱਤ ਜਦ ਆਣ ਸਵਾਰਦੀ ਹੈ।
ਲੈ ਕੇ ਆਸਾਂ ਉਮੀਦਾਂ ਦੇ ਫੁੱਲ ਸੁਹਣੇ,
ਖਿੜੇ ਦਿਲਾਂ ਨੂੰ ਹੋਰ ਸ਼ਿੰਗਾਰਦੀ ਹੈ।
ਇੰਜ ਲੱਗਦੈ, ਸਾਡਿਆਂ ਮਨਾਂ ਉੱਤੇ,
ਇਹ ਵਿਸਾਖੀ, ਨਿਸ਼ਾਨੀ ਬਹਾਰ ਦੀ ਹੈ।
ਮੱਥੇ ਖੇਤਾਂ ਦੇ, ਲੇਖ ਕਿਸਮਤਾਂ ਦਾ,
ਪਹਿਲਾਂ ਕੱਢ ਸਿਆੜ ਉਲੀਕਿਆ ਸੀ,
ਭਾਗਾਂ ਭਰੀ ਵਿਸਾਖੀ ਦੇ ਦਿਨ ਤਾਈਂ,
ਦਿਨ ਗਿਣ ਗਿਣ ਫੇਰ ਉਡੀਕਿਆ ਸੀ।

ਬੜੀਆਂ ਮਿਹਨਤਾਂ ਨਾਲ ਸਿਆੜ ਕੱਢੇ,
ਵਿਚ ਬੀਜ ਉਮੀਦਾਂ ਦਾ ਬੋਇਆ ਸੀ।
ਏਸ ਫ਼ਸਲ ਨੂੰ ਗੋਡੀਆਂ ਕਰਦਿਆਂ ਤੋਂ,
ਮੁੜ੍ਹਕਾ ਕਿਸੇ ਦੇ ਮੱਥੇ ਤੋਂ ਚੋਇਆ ਸੀ।
ਠੰਡੀ ਬਰਫ਼ ਵਰਗੀ ਕਾਲੀ ਰਾਤ ਅੰਦਰ,
ਜੋੜਾ ਹੰਸਾਂ ਦਾ, ਖੂਹੇ ਆ ਜੋਇਆ ਸੀ।
ਇਹਨੂੰ ਸਿੰਜਿਆ ਨਹੀਂ, ਸਗੋਂ ਕਿਸਮਤਾਂ ਨੂੰ,
ਠੰਡੇ ਪਾਣੀਆਂ ਦੇ ਨਾਲ ਧੋਇਆ ਸੀ।

↑ ਤਤਕਰਾ↑

ਫ਼ਸਲ ਪੱਕਣ ਦੇ ਲਾਗੇ ਜਾਂ ਹੋਣ ਲੱਗੀ,
ਤਦੋਂ ਹੋਲੀ ਦਾ ਇਕ ਤਿਓਹਾਰ ਆਇਆ,
ਜਿੱਥੇ ਏਸ ਨੇ ਖ਼ੁਸ਼ੀਆਂ ਲਿਆਉਣੀਆਂ ਸੀ,
ਓਥੇ ਬਣ ਕੇ ਦੁਖਾਂ ਦਾ ਹਾਰ ਆਇਆ।

ਵਿਚ ਹੋਲੀ ਦੇ ਮਸਤ ਮਲੰਗ ਹੋ ਕੇ,
ਰੰਗ ਪਾਉਣ ਲੱਗੇ ਤੇ ਪੁਆਉਣ ਲੱਗੇ,
ਖਾਣਾ ਪੀਣਾ ਵੀ ਭੁੱਲ ਗਏ ਲੋਕ ਸਾਰੇ,
ਇਹਦੇ ਵਾਸਤੇ ਮਰਨ ਮਰਾਉਣ ਲੱਗੇ।
ਚੜ੍ਹਿਆ ਚਾਅ ਸੀ ਫ਼ਸਲ ਨੂੰ ਦੇਖ ਜਿਹੜਾ,
ਉਹਦਾ ਰੋਅਬ ਗ਼ਰੀਬਾਂ 'ਤੇ ਪਾਉਣ ਲੱਗੇ।
ਕਿਸੇ ਹੋਲਕਾਂ ਨਾਲ ਹੀ ਰਲ ਸਾਰੇ,
ਅਸੀਂ ਸਿਰਾਂ ਦੀ ਭੇਟ ਚੜ੍ਹਾਉਣ ਲੱਗੇ।
ਐਸਾ ਜਾਦੂ ਚਲਾਇਆ ਹੈ ਹੋਲਕਾਂ ਨੇ,
ਸਾਡੇ ਦਿਲਾਂ 'ਚੋਂ ਸਾਰਾ ਪਿਆਰ ਲੱਥਾ।
ਦਿਨ ਆਣ ਵਿਸਾਖੀ ਦਾ ਲੰਘ ਚੱਲਿਐ,
ਪਰ ਨਾ ਸਿਰਾਂ 'ਚੋਂ ਇਹਦਾ ਖ਼ੁਮਾਰ ਲੱਥਾ।

ਏਸੇ ਹੋਲਕਾਂ ਕੋਲੋਂ ਬੇਜ਼ਾਰ ਹੋ ਕੇ,
ਖ਼ੂਨ, ਪੰਜਾਂ ਪਿਆਰਿਆਂ ਡੋਲ੍ਹਿਆ ਹੈ।
ਇਹਨੇ ਆਪਣਾ ਰੰਗ ਜਮਾਉਣ ਬਦਲੇ,
ਜੱਲ੍ਹਿਆਂ ਵਾਲੇ ਦਾ ਬੂਹਾ ਨਾ ਖੋਲ੍ਹਿਆ ਹੈ।
ਸਿਰਫ਼ ਇਕ ਲਹੌਰ ਨਹੀਂ, ਏਸ ਸਾਨੂੰ,
ਹਰ ਗਲੀ ਬਾਜ਼ਾਰ ਵਿਚ ਰੋਲਿਆ ਹੈ।
ਫ਼ਸਲ ਪੱਕ ਗਈ, ਝੱਖੜ ਵੀ ਆ ਰਹੇ ਨੇ,
ਇਹਦੇ ਲੋਰ ਨੇ ਅਜੇ ਮਧੋਲਿਆ ਹੈ।
ਸਮਾਂ ਅੱਜ ਦਾ ਇੰਜ ਪੁਕਾਰਦਾ ਹੈ,
ਇਹਨੂੰ ਵੀ ਨਾ ਐਵੇਂ ਗੁਆ ਲਈਏ,
ਅਜੇ ਤਕ ਹਾਂ ਹੋਲੀ ਮਨਾਈ ਜਾਂਦੇ,
ਆਓ! ਹੁਣ ਵਿਸਾਖੀ ਮਨਾ ਲਈਏ

↑ ਤਤਕਰਾ↑

# ਆਪਣੇ ਅੰਦਰ ਛੁਪ ਰਹੇ

ਆਪਣੇ ਅੰਦਰ ਛੁਪ ਰਹੇ, ਸੱਚੇ ਮਨੁੱਖ ਨੂੰ ਦੇਖ ਤੂੰ।
ਰੱਬ ਨੂੰ ਜੇ ਦੇਖਣਾ, ਆਪਣੇ ਹੀ ਮੁੱਖ ਨੂੰ ਦੇਖ ਤੂੰ।

ਵਰਮੀਆਂ 'ਤੇ ਵੀ ਖੜੇ ਧਰਮੀ ਨੇ ਛਾਂਵਾਂ ਕੀਤੀਆਂ,
ਬੇ-ਸ਼ੁਮਾਰ ਪਤਝੜਾਂ ਦੇ ਮਾਰੇ ਰੁੱਖ ਨੂੰ ਦੇਖ ਤੂੰ।

ਤੇਰੀ ਮੰਜ਼ਿਲ ਨਾਲ, ਜੋ ਤੇਰੇ ਕਦਮ ਨੂੰ ਜੋੜਦੀ,
ਓਸ ਪਗ-ਡੰਡੀ ਵਿਚਾਰੀ ਬਾਂਝ-ਕੁੱਖ ਨੂੰ ਦੇਖ ਤੂੰ।

ਜਦ ਕਿਸੇ ਨੂੰ ਜ਼ਖ਼ਮ ਦੇ ਕੇ ਉਸ ਨੂੰ ਰਿਸਦਾ ਦੇਖਦੈਂ,
ਓਸ ਵੇਲੇ ਉਸ ਜ਼ਖ਼ਮ ਵਿਚ ਆਪਣੇ ਦੁੱਖ ਨੂੰ ਦੇਖ ਤੂੰ।

ਉਹ ਸ਼ਾਇਦ ਹਾਲੇ ਵੀ ਦੋ ਪਲ ਜ਼ਿੰਦਗੀ ਨਾ' ਲਟਕਦਾ,
ਉਸਦੀ ਹਮ-ਦਰਦਣ ਬਣੀ ਜੋ ਉਸਦੀ ਭੁੱਖ ਨੂੰ ਦੇਖ ਤੂੰ।

---

ਵਰਮੀ = ਉਹ ਥਾਂ ਜਿੱਥੇ ਸੱਪ ਪਲਦੇ ਹਨ।

↑ ਤਤਕਰਾ↑

ਵਾਰਸਿ ਸ਼ਾਹ ਤੇਰੇ ਸਾਡੇ ਹਸ਼ਰ ਮੇਲੇ, ਅੰਤ ਰੂਹਾਂ ਤੇ ਕਾਲਬਾਂ ਜੋੜ ਹੀਰੇ।

## ਮਿਲਣ

ਸੁਣਿਓਂ ਨੀ ਮੀਤਾਂ ਵਾਲੀਓ!
ਸੁਣਿਓਂ ਨੀ ਪ੍ਰੀਤਾਂ ਵਾਲੀਓ!!

ਕਿਤੇ ਪ੍ਰੀਤਮ ਪਿਆਰਾ ਦੇਖਿਆ?
ਦਿਲ ਦਾ ਸਹਾਰਾ ਦੇਖਿਆ?
ਜਨਮਾਂ ਦੇ ਰਿਸ਼ਤੇ ਤੋੜ ਕੇ,
ਮੂੰਹ ਪਿਆਰ ਵੱਲੋਂ ਮੋੜ ਕੇ,
ਕਿਧਰੇ ਨੂੰ ਚਾਲੇ ਪਾ ਗਿਆ,
ਉਮਰਾਂ ਦੇ ਰੋਣੇ ਲਾ ਗਿਆ।

ਸਖੀਆਂ ਨੇ ਠੱਠਾ ਸੋਚਿਆ,
ਆਖਣ, ‘ਉਨ੍ਹਾਂ ਨੇ ਦੇਖਿਆ’।

ਕੁਝ ਲੀਰਾਂ ਕਰਕੇ ‘ਕੱਠੀਆਂ,
ਗੁੱਡਾ ਬਣਾਵਣ ਲੱਗੀਆਂ।
ਉਹਦੇ ਸੁਹਣੇ ਲੀੜੇ ਪਾ ਲਏ,
ਸੋਨੇ ਦੇ ਬੀੜੇ ਲਾ ਲਏ।
ਗਲ ਕੈਂਠਾ, ਕੰਨੀਂ ਨੱਤੀਆਂ,
ਅੱਖਾਂ, ਪਿਆਰਾਂ ਰੱਤੀਆਂ।
ਸਿਰ ‘ਤੇ ਵੀ ਚੀਰਾ ਲਾਲ ਸੀ,
ਏਸੇ ਦੀ ਮੈਨੂੰ ਭਾਲ ਸੀ।

ਖ਼ੁਸ਼ ਹੋ, ਮੈਂ ਲਿਪਟੀ ਓਸ ਨੂੰ,
ਛੱਡ ਦੁਨੀਆਂਦਾਰੀ, ਹੋਸ਼ ਨੂੰ।
ਪਰ ਉਹ ਨਾ ਮੂੰਹੋਂ ਬੋਲਿਆ,
ਨਾ ਭੇਦ ਕੋਈ ਖੋਲ੍ਹਿਆ।
ਮੈਂ ਆਵਲ ਬਾਵਲ ਹੋ ਗਈ,
ਲੱਗੇ, ਕਿ ਪਾਗਲ ਹੋ ਗਈ।

ਖਿੜ ਖਿੜ ਕੇ ਇੰਜ ਉਹ ਹੱਸੀਆਂ,
ਛੁਰੀਆਂ ਕਲੇਜੇ ਧੱਸੀਆਂ।
ਇਕ ਪੀੜ ਲੈ ਕੇ ਪਿਆਰ ਦੀ,
ਅੱਖਾਂ ‘ਚ ਸਿੱਕ ਦੀਦਾਰ ਦੀ,
ਏਥੋਂ ਕਰਾ ਕੇ ਮਸ਼ਕਰੀ,
ਮੈਂ ਫੇਰ ਲੱਭਣ ਤੁਰ ਪਈ।

↑ ਤਤਕਰਾ↑

ਕਈ ਜੰਗਲ ਬੇਲੇ ਲੰਘ ਕੇ,
ਆ ਪਹੁੰਚੀ ਇਕ ਥਾਂ, ਹੰਭ ਕੇ।

ਸੁਰਗਾਂ ਜਿਹਾ ਅਸਥਾਨ ਸੀ,
ਕੁਝ ਪਰਬਤ, ਵਿਚ ਮੈਦਾਨ ਸੀ।
ਪਾਣੀ ਸੀ ਠਾਠਾਂ ਮਾਰਦਾ,
ਪੱਥਰਾਂ ਦੇ ਹਿਰਦੇ ਠਾਰਦਾ।
ਉੱਚੇ ਦਰਖ਼ਤਾਂ ਤੋਂ ਪਰੇ,
ਅਸਮਾਨ ਦੀ ਇਕ ਨੁੱਕਰੇ,
ਸੂਰਜ ਸੀ ਝਾਤੀ ਪਾ ਰਿਹਾ,
ਜੱਗ ਨੂੰ ਰੁਸ਼ਨਾਵਣ ਆ ਰਿਹਾ।

ਕੁਝ ਹੋਰ ਅੱਗੇ ਤੱਕਿਆ,
ਕੋਈ ਸੀ ਆਹਰੇ ਲੱਗਿਆ।

"ਵੀਰਾ! ਤੂੰ ਕੀ ਏਂ ਕਰ ਰਿਹਾ?
ਇਹ ਰੰਗ ਕਾਹਤੋਂ ਭਰ ਰਿਹਾ?"

"ਭੈਣੇ! ਮੈਂ ਚਿਤਰਕਾਰ ਹਾਂ,
ਬਣਾਉਂਦਾ ਪਿਆ ਸ਼ਾਹਕਾਰ ਹਾਂ।
ਮੈਂ ਜਿਹੜੀ ਚੀਜ਼ ਵੀ ਚਾਹ ਲਵਾਂ,
ਜਾਂ, ਜਿਹੜੀ ਚੀਜ਼ ਗਵਾ ਲਵਾਂ,
ਉਹਨੂੰ ਹੀ ਮੈਂ ਬਣਾ ਲਵਾਂ,
ਉਹਨੂੰ ਹੀ ਰੰਗੀਂ ਪਾ ਲਵਾਂ।

ਕੁਝ ਬੀਤੀਆਂ ਹੈਨ ਕਹਾਣੀਆਂ,
ਕੁਝ ਯਾਦਾਂ ਹੈਨ ਪੁਰਾਣੀਆਂ,
ਅੱਜ ਉਹ ਇਕੱਠਆਂ ਕਰ ਰਿਹਾਂ,
ਉਹਨਾਂ 'ਚ ਇਹ ਰੰਗ ਭਰ ਰਿਹਾਂ।

ਇੰਜ ਰੰਗ ਭਰ ਸਕਦਾ ਹਾਂ ਮੈਂ,
ਸਾਕਾਰ ਕਰ ਸਕਦਾ ਹਾਂ ਮੈਂ,
ਦੀਦਾਰ ਕਰ ਸਕਦਾ ਹਾਂ ਮੈਂ,
ਫਿਰ ਪਿਆਰ ਕਰ ਸਕਦਾ ਹਾਂ ਮੈਂ"।

"ਵੀਰਾ ਵੇ! ਕਰਮਾਂ ਵਾਲਿਆ!!
ਮੈਂ ਵੀ ਹੈ ਕੁਝ ਗਵਾ ਲਿਆ।
ਮੇਰਾ ਪ੍ਰੀਤਮ ਪਿਆਰਾ ਉਠ ਗਿਆ,
ਦਿਲ ਦਾ ਸਹਾਰਾ, ਉਠ ਗਿਆ।

↑ ਤਤਕਰਾ↑

ਜਨਮਾਂ ਦੇ ਰਿਸ਼ਤੇ ਤੋੜ ਕੇ,
ਮੂੰਹ ਪਿਆਰ ਵੱਲੋਂ ਮੋੜ ਕੇ,
ਕਿਧਰੇ ਨੂੰ ਚਾਲੇ ਪਾ ਗਿਆ,
ਉਮਰਾਂ ਦੇ ਰੋਣੇ ਲਾ ਗਿਆ।

ਮੇਰੀ ਵੀ ਜਿੰਦ ਸੁਵਾਰ ਦੇ,
ਉਹਨੂੰ ਵੀ ਕਰ ਸਾਕਾਰ ਦੇ,
ਦੀਦਾਰ ਕਰ ਕੇ ਦੇਖ ਲਾਂ,
ਸਾਹ ਸੁਖ ਦਾ ਭਰ ਕੇ ਦੇਖ ਲਾਂ"।

ਗੱਲ ਮੰਨ, ਉਹ ਓਥੇ ਬਹਿ ਗਿਆ,
ਕੈਨਵਸ ਦਾ ਕੱਪੜਾ ਲੈ ਲਿਆ,
ਕੁਝ ਬੁਰਸ਼ ਨੋਕੀਲੇ ਲੈ ਲਏ,
ਕਈ ਰੰਗ ਸਜੀਲੇ ਲੈ ਲਏ।

ਹਥਿਆਲੀ, ਠੋਡੀ ਹੇਠ ਦੇ,
ਪੰਜੇ ਦੀ, ਮੂੰਹ ਨੂੰ ਟੇਕ ਦੇ,
ਰੱਬ ਵੱਲੇ ਤੱਕਣ ਲੱਗ ਪਈ,
ਕੁਝ ਏਦਾਂ ਦੱਸਣ ਲੱਗ ਪਈ।

"ਚਿਹਰੇ ਦੀ ਇਹ ਪਹਿਚਾਣ ਹੈ,
ਨ੍ਹਿਮੀਂ ਜਿਹੀ ਮੁਸਕਾਣ ਹੈ।
ਅੱਖਾਂ ਵਿਚ ਹੈਨ ਮੁਹੱਬਤਾਂ,
ਮਨ ਮੋਹਣ ਵਾਲੀਆਂ ਦੌਲਤਾਂ,
ਜੋ ਚਾਲ 'ਚ ਮਸਤੀਆਂ, ਸ਼ੋਖ਼ੀਆਂ,
ਮੈਂ ਹੋਰ ਕਿਤੇ ਨਾ ਦੇਖੀਆਂ।
ਉੱਚੇ ਇਰਾਦੇ ਓਸ ਦੇ,
ਪੱਕੇ ਸੀ ਵਾਅਦੇ ਓਸ ਦੇ ... ... ...

ਪੱਕੇ ਸੀ ਵਾਅਦੇ ਓਸ ਦੇ!

ਮੈਂ ਏਨਾਂ ਕਹਿ ਕੇ ਰੁਕ ਗਈ,
ਇਹ ਨਜ਼ਰ, ਕਿਉਂ ਜਾਣੇ ਝੁਕ ਗਈ।
ਵਹਿਣਾ ਵਿਚ ਏਦਾਂ ਵਹਿ ਗਈ,
ਕੁਝ ਯਾਦ ਨਹੀਂ ਕੀ ਕੀ ਕਹਿ ਗਈ।

ਸ਼ਾਹਕਾਰ ਜਾਂ ਓਸ ਬਣਾ ਲਿਆ,
ਸੱਦ ਮੈਨੂੰ ਕੋਲ ਬੁਲਾ ਲਿਆ।

↑ ਤਤਕਰਾ↑

ਜਦ ਸਾਹਵੇਂ ਪਿਆਰਾ ਦੇਖਿਆ,
ਦਿਲ ਦਾ ਸਹਾਰਾ ਦੇਖਿਆ।
ਉਹਨੂੰ ਦੇਖ, ਨੈਣ ਸੇਜਲਾ ਗਏ,
ਖ਼ੁਸ਼ੀਆਂ ਦੇ ਹੰਝੂ ਆ ਗਏ।
ਅੱਖੀਆਂ ਵਿਚ ਤੁਪਕੇ ਤ੍ਰੇਲ ਦੇ,
ਬੁ.ਲ੍ਹੀਆਂ 'ਤੇ ਹਾਸੇ ਮ੍ਹੇਲਦੇ।

ਕਈ ਵਾਰ, ਮੈਂ ਉਸ ਦਾ ਨਾਂ ਲਿਆ,
ਉਸ ਕੁਝ ਵੀ ਅੱਗੋਂ ਨਾ ਕਿਹਾ।

ਨਾ ਅੱਖ ਉਠਾਈ ਓਸ ਨੇ,
ਨਾ ਚਾਲ ਦਿਖਾਈ ਓਸ ਨੇ।
ਨਾ ਮਿਲਣ ਲਈ ਉਹ ਤੜਪਿਆ,
ਨਾ ਉਸ ਦਾ ਦਿਲ ਹੀ ਧੜਕਿਆ।
ਨਾ ਜ਼ੁਲਫ਼ ਸੁਵਾਰੀ ਓਸ ਨੇ,
ਨਾ ਬਾਂਹ ਉਲਾਰੀ ਓਸ ਨੇ।

ਮੈਂ ਰੱਬ ਨੂੰ ਕੋਸਣ ਲੱਗ ਪਈ,
"ਤੈਨੂੰ ਮੈਂ ਬੇ-ਦੋਸਣ ਲੱਭ ਪਈ?

ਬਿਰਹਾ ਬਣਾਇਆ ਕਾਸਤੋਂ?
ਏਦਾਂ ਸਤਾਇਆ, ਕਾਸਤੋਂ?
ਕਿਉਂ ਪ੍ਰੀਤ ਪਰਾਈ ਲਾਏਂ ਤੂੰ?
ਕਿਉਂ ਥਲਾਂ ਦੇ ਵਿਚ ਰੁਲਾਏਂ ਤੂੰ?
ਕਈ 'ਸੋਹਣੀਆਂ' ਮਾਰ ਰੁੜ੍ਹਾਏਂ ਤੂੰ,
'ਹੀਰਾਂ' ਨੂੰ ਜ਼ਹਿਰ ਪਿਆਏਂ ਤੂੰ।
ਤੂੰ ਜ਼ਾਹਰਾ ਨਹੀਂ, ਖ਼ਿਆਲ ਏਂ।
ਜਾਂ ਰੱਬ ਨਹੀਂ, ਚੰਡਾਲ ਏਂ।

ਮੈਂ ਥੱਕ ਟੁੱਟ ਹੋਈ ਚੂਰ ਸੀ,
ਪਰ ਹਿੰਮਤ ਅਜੇ ਜ਼ਰੂਰ ਸੀ।

ਮੈਂ ਆਵਲ ਬਾਵਲ ਹੋ ਗਈ,
ਲੱਗੇ, ਕਿ ਪਾਗਲ ਹੋ ਗਈ।

ਇਹ ਸਮਾਂ, ਜਿਸ ਤਰ੍ਹਾਂ ਰੁਕ ਗਿਆ,
ਇਹ ਲੱਕ, ਜਿਸ ਤਰ੍ਹਾਂ ਝੁਕ ਗਿਆ।
ਇਹ ਨਜ਼ਰ ਵੀ ਸੀ ਝੁੰਝਲਾ ਗਈ,
ਹਰ ਸ਼ੌਕ ਨੂੰ ਹੋਣੀ ਖਾ ਗਈ।

↑ ਤਤਕਰਾ↑

ਲੱਤਾਂ ਵਿਚ ਜਿੰਦ ਨਾ ਜਾਨ ਸੀ,
ਕੁਝ ਦਿਨਾਂ ਦੀ ਹੀ ਮਹਿਮਾਨ ਸੀ।
ਸਾਹਵੇਂ ਸੀ ਮੌਤ ਪੁਕਾਰਦੀ,
ਪਰ ਸਿੱਕ ਸੀ ਅਜੇ, ਦੀਦਾਰ ਦੀ।

ਇਕ ਸੋਟੇ ਦਾ ਲੈ ਆਸਰਾ,
ਮੈਂ ਨਾਪਣ ਲੱਗੀ ਰਾਸਤਾ।

ਇਕ ਜੰਗਲ ਬੀਆਬਾਨ ਸੀ,
ਲੱਗੇ, ਕਿ ਕਬਰਸਤਾਨ ਸੀ।
ਇਕ ਮਹਿਲ ਸੁੰਨਾਂ ਦੇਖਿਆ,
ਗ਼ਮ ਦੇ ਵਿਚ ਰੁੰਨਾਂ ਦੇਖਿਆ।
ਮਕੜੀ ਦਾ ਜਾਲਾ ਬੁਣੀਂਦਾ,
ਪੱਤਾ ਵੀ ਡਿੱਗੇ, ਸੁਣੀਂਦਾ।

ਉਹਦੇ ਅੰਦਰ, ਬੁੱਤ ਹੀ ਬੁੱਤ ਖੜੇ,
ਸਾਰੇ ਦੇ ਸਾਰੇ ਚੁੱਪ ਖੜੇ।
ਕਈ ਮਰਦ ਤੇ ਕਈ ਸਨ ਨਾਰੀਆਂ,
ਜਿਵੇਂ ਇੰਤਜ਼ਾਰਾਂ ਮਾਰੀਆਂ।
ਚੌਗਿਰਦਾ ਬੇ-ਆਵਾਜ਼ ਸੀ,
ਹਰ ਸ਼ੈਅ ਵਿਚ ਛੁਪਿਆ ਰਾਜ਼ ਸੀ।
ਕੋਈ ਜ਼ੋਰ ਦਾ ਹਾਸਾ ਹੱਸਿਆ,
ਜਿਵੇਂ ਖ਼ੌਫ਼ ਦਾ ਬੱਦਲ ਵੱਸਿਆ।
ਫਿਰ ਨੇੜੇ ਆ ਕੇ ਬੋਲਿਆ,
ਉਸ ਭੇਦ ਇਸ ਤਰ੍ਹਾਂ ਖੋਲ੍ਹਿਆ।

"ਇਹ ਮੇਰਾ ਹੀ ਘਰ ਬਾਰ ਸੀ,
ਮੈਨੂੰ ਇਸ ਦੇ ਨਾਲ ਪਿਆਰ ਸੀ।
ਕੀ ਘਰ ਅੰਦਰ, ਕੀ ਬਾਹਰ ਨੇ!
ਸਭ ਮਤਲਬ ਦੇ ਹੀ ਯਾਰ ਨੇ।
ਦੁਨੀਆਂ ਵਿਚ ਚੋਖਾ ਦੇਖਿਆ,
ਹਰ ਪਾਸੇ ਧੋਖਾ ਦੇਖਿਆ।

ਪੱਥਰ ਦਿਲ ਸਭ ਇਨਸਾਨ ਹਨ।
ਪੱਥਰ ਦੇ ਹੀ ਭਗਵਾਨ ਹਨ।
ਪੱਥਰਾਂ ਨਾਲ ਨਾਤਾ ਜੋੜਿਆ,
ਪੱਥਰਾਂ ਨੇ ਸਭ ਕੁਝ ਤੋੜਿਆ।

↑ ਤਤਕਰਾ↑

ਇਸ ਜ਼ਿੰਦਗੀ ਤੋਂ ਅੱਕ ਕੇ,
ਇਸ ਲੰਬੀ ਦੌੜ ਤੋਂ ਥੱਕ ਕੇ,
ਲੈ ਛੈਣੀਆਂ, ਸੁੰਬੇ, 'ਥੋੜੀਆਂ,
ਮੈਂ ਕਈ ਚੱਟਾਨਾਂ ਤੋੜੀਆਂ।
ਹੁਣ ਐਸੇ ਬੁੱਤ ਬਣਾ ਰਿਹਾਂ,
ਜੋ ਜੀਅ ਚਾਹਵੇ, ਕਰਵਾ ਰਿਹਾਂ।
ਜੋ ਚਾਹਵਾਂ, ਬੁੱਤ ਬਣਾਵੰਦਾ,
ਇਸ ਥਾਂ ਹਾਂ ਰੱਬ ਅਖਵਾਵੰਦਾ।

ਜੇ ਤੇਰਾ ਵੀ ਕੋਈ ਮੀਤ ਸੀ,
ਤੈਨੂੰ ਜਿਸ ਦੇ ਨਾਲ ਪ੍ਰੀਤ ਸੀ।
ਜਨਮਾਂ ਦੇ ਰਿਸ਼ਤੇ ਤੋੜ ਕੇ,
ਮੂੰਹ ਪਿਆਰ ਵੱਲੋਂ ਮੋੜ ਕੇ।
ਕਿਧਰੇ ਨੂੰ ਚਾਲੇ ਪਾ ਗਿਆ,
ਉਮਰਾਂ ਦੇ ਰੋਣੇ ਲਾ ਗਿਆ।
ਮੈਂ ਉਸਦਾ ਬੁੱਤ ਬਣਾ ਦਿਆਂ,
ਤੇਰੇ ਸਾਹਮਣੇ, ਬੰਨ੍ਹ ਲਿਆ ਦਿਆਂ"।

ਮੈਂ 'ਹਾਂ' ਵਿਚ ਸਿਰ ਹਿਲਾ ਕੇ,
ਫਿਰ ਬਹਿ ਗਈ ਨੀਵੀਂ ਪਾ ਕੇ।
ਕਈ ਲੰਮੀਆਂ ਸੋਚਾਂ ਸੋਚਦੀ,
ਉਸ ਬੇ-ਦਰਦੀ ਨੂੰ ਲੋਚਦੀ।
ਫਿਰ ਰਾਮ ਕਹਾਣੀ ਕਹਿ ਗਈ,
ਵਹਿਣਾ ਵਿਚ ਓਵੇ ਵਹਿ ਗਈ।
ਕੁਝ ਯਾਦ ਨਹੀਂ ਕੀ ਕੀ ਕਹਿ ਗਈ,
ਫਿਰ ਜਦ ਮੈਂ ਉੱਠ ਕੇ ਬਹਿ ਗਈ:

ਸਾਹਵੇਂ ਪਿਆਰਾ ਦੇਖਿਆ,
ਦਿਲ ਦਾ ਸਹਾਰਾ ਦੇਖਿਆ।
ਗਲ ਕੈਂਠਾ ਕੰਨੀਂ ਨੱਤੀਆਂ,
ਅੱਖਾਂ ਪਿਆਰਾਂ ਰੱਤੀਆਂ।
ਖੁੱਸਾ ਵੀ ਤਿੱਲੇਦਾਰ ਸੀ,
ਚੀਰਾ ਵੀ ਸ਼ਮਲੇਦਾਰ ਸੀ।

ਉਹਦੇ ਸੁਹਣੇ ਲੀੜੇ ਦੇਖ ਕੇ,
ਸੋਨੇ ਦੇ ਬੀੜੇ ਦੇਖ ਕੇ।
ਮੈਂ ਰੋ ਪਈ, ਮੈਂ ਹੱਸ ਪਈ,
ਗਲ ਲੱਗ ਕੇ ਛਮ ਛਮ ਵੱਸ ਪਈ।

↑ ਤਤਕਰਾ↑

ਉਹ ਪੱਥਰ ਦਿਲ ਨਾ ਬੋਲਿਆ,
ਨਾ ਭੇਦ ਕੋਈ ਖੋਲ੍ਹਿਆ।
ਮੈਂ ਆਵਲ ਬਾਵਲ ਹੋ ਗਈ,
ਸੱਚਮੁੱਚ ਹੀ ਪਾਗਲ ਹੋ ਗਈ।
ਮੈਂ ਏਧਰ ਓਧਰ ਭੱਜਦੀ,
ਉਸ ਸ਼ਿਲਪਕਾਰ ਨੂੰ ਲੱਭਦੀ।
ਹਰ ਚੱਪਾ ਚੱਪਾ ਤੱਕਿਆ,
ਪਰ ਉਹ ਨਾ ਮੈਨੂੰ ਲੱਭਿਆ।

ਜੋ ਬੇ-ਦਰਦੀ ਦਾ ਬੁੱਤ ਸੀ,
ਜੋ ਹਾਲੇ ਤਕ ਵੀ ਚੁੱਪ ਸੀ,
ਉਹਨੂੰ ਖਿਚਣ ਧੱਕਣ ਲੱਗ ਪਈ,
ਕੁਝ ਪੁੱਛਣ ਦੱਸਣ ਲੱਗ ਪਈ।
ਇਕ ਜ਼ੋਰ ਦਾ ਝਟਕਾ ਲੱਗਿਆ,
ਆ ਬੁੱਤ ਮੇਰੇ 'ਤੇ ਡਿੱਗਿਆ।
ਮੈਂ ਗਸ਼ ਖਾ ਓਥੇ ਢਹਿ ਪਈ,
ਮੇਰੀ ਹੋਸ਼ ਵੀ ਜਾਂਦੀ ਰਹਿ ਗਈ।

ਇਕ ਹੋਸ਼ ਜਦੋਂ ਹੈ ਜਾਵੰਦੀ,
ਇਕ ਹੋਸ਼ ਹੋਰ ਹੈ ਆਵੰਦੀ।
ਇਸ ਹੋਸ਼ ਨੂੰ ਜਦ ਮੈਂ ਪਾ ਗਈ,
ਲੱਗੇ, ਜਿਓਂ ਨੀਂਦਰ ਆ ਗਈ।
ਜੋ ਦੇਖਾਂ ਜਾਂ ਮੈਂ ਜੋ ਕਰਾਂ,
ਇਹਨੂੰ ਸੁਪਨਾ ਕਹਾਂ ਜਾਂ ਕੀ ਕਹਾਂ!
ਲੱਗਾ ਕਿ ਮੈਂ ਕੋਈ ਹੂਰ ਹਾਂ,
ਆਪਣੇ ਪ੍ਰੀਤਮ ਤੋਂ ਦੂਰ ਹਾਂ।

ਸੋਚਾਂ, ਕਿ ਮੈਂ ਨਹੀਂ ਟੋਲਣਾ,
ਜੇ ਮਿਲ ਵੀ ਜਾਵੇ ਢੋਲਣਾ।
ਮੈਂ ਉਹਦੇ ਨਾਲ ਨਹੀਂ ਬੋਲਣਾ,
ਉਹਨੂੰ ਵੀ ਏਦਾਂ ਰੋਲਣਾ।
ਘੜੀਆਂ ਵਿਛੋੜੇ ਵਾਲੀਆਂ,
ਰੋ ਰੋ ਕੇ ਕਿੰਜ ਗੁਜ਼ਾਰੀਆਂ!

ਏਨੇ ਨੂੰ, ਇਕ ਬੇਬਾਣ 'ਤੇ,
ਦੋ ਬੰਦੇ ਪੁੱਜੇ ਆਣ ਕੇ।
ਉਹਨਾਂ ਝੁਕ ਕੇ ਅਦਬ ਦਿਖਾਇਆ,
ਫਿਰ ਏਦਾਂ ਆਖ ਸੁਣਾਇਆ:

↑ ਤਤਕਰਾ↑

"ਤੇਰਾ ਸਿਦਕ ਹੈ ਰੰਗ ਲਿਆਇਆ,
ਚੱਲ, ਤੈਨੂੰ ਓਸ ਬੁਲਾਇਆ"।

ਨਾ ਸੋਚ ਸੀ ਮਨ ਵਿਚ ਆ ਰਹੀ,
ਸਾਂ ਪਿੱਛੇ ਪਿੱਛੇ ਜਾ ਰਹੀ।

ਮੈਂ ਖ਼ੁਦ ਵੀ ਬੜੀ ਹੈਰਾਨ ਸੀ,
ਨਾ ਗੁਸਾ, ਗਿਲਾ, ਗੁਮਾਨ ਸੀ।

ਜਦ ਸਾਹਵੇਂ ਪਿਆਰਾ ਦੇਖਿਆ,
ਦਿਲ ਦਾ ਸਹਾਰਾ ਦੇਖਿਆ।
ਮੈਂ ਧਾਅ ਗਲਵੱਕੜੀ ਪਾ ਲਈ,
ਉਮਰਾਂ ਦੀ ਵਿੱਥ ਮਿਟਾ ਲਈ।

ਤੇਰੇ ਸਿਦਕ ਦੇ ਏਸ ਮਿਆਰ ਦੀ,
ਕਰਦਾ ਹਾਂ ਕਦਰ ਪਿਆਰ ਦੀ।
ਇਹ ਠੀਕ ਹੈ, ਵਾਅਦਾ ਭੁਲਿਆ,
ਬਿਰਹਾ ਦਾ ਝੱਖੜ ਝੁੱਲਿਆ।
ਪਰ ਮੈਂ ਵੀ ਤੇ ਮਜਬੂਰ ਸਾਂ,
ਏਸੇ ਲਈ ਤੈਥੋਂ ਦੂਰ ਸਾਂ।
ਜਦ ਧੁਰੋਂ ਬੁਲਾਵਾ ਆਵੰਦਾ,
ਵਾਅਦਾ ਕੀ! ਕੁਝ ਨਹੀਂ ਭਾਵੰਦਾ।

ਸੁਣਿਓਂ ਨੀ ਮੀਤਾਂ ਵਾਲੀਓ!
ਸੁਣਿਓਂ ਨੀ ਪ੍ਰੀਤਾਂ ਵਾਲੀਓ!!

ਮੇਰਾ ਪ੍ਰੀਤਮ ਪਿਆਰਾ ਮਿਲ ਗਿਆ,
ਦਿਲ ਦਾ ਸਹਾਰਾ ਮਿਲ ਗਿਆ।
ਅੱਖਾਂ ਦਾ ਤਾਰਾ ਮਿਲ ਗਿਆ,
ਮੈਨੂੰ ਦੋਬਾਰਾ ਮਿਲ ਗਿਆ।
ਭਾਵੇਂ ਵਿਛੋੜੇ ਪੈਣਗੇ,
ਉਮਰਾਂ ਦੇ ਰਿਸ਼ਤੇ ਰਹਿਣਗੇ।

↑ ਤਤਕਰਾ↑

ਲੱਗਦਾ ਤੇ ਨਹੀਂ ਸੁਪਨਾ ਹੈ ਇਹ,
ਪਰ ਜੇ ਕਦੀ ਸੁਪਨਾ ਹੈ ਇਹ,
ਇਸ ਨੀਂਦ ਦੇ ਬਲਿਹਾਰਨੇ,
ਮੈਂ ਇਸ ਤੋਂ ਜਾਵਾਂ ਵਾਰਨੇ।
ਮੈਨੂੰ ਜੀਵਨ ਮਿਲਿਆ ਏਸ ਤੋਂ,
ਮੇਰਾ ਤਨ ਮਨ ਖਿੜਿਆ ਏਸ ਤੋਂ।

ਇਸ ਨੀਂਦ ਨੂੰ ਲੰਬੀ ਕਰ ਦਿਓ,
ਨੀ ਇਹਨੂੰ ਮੌਤ ਬਣਨ ਦਾ ਵਰ ਦਿਓ।

ਹੁਣ ਸੁੱਤਿਆਂ ਨਾ ਉਠਾ ਦਿਓ,
ਮੈਨੂੰ ਭਾਵੇਂ ਲਾਂਬੂ ਲਾ ਦਿਓ।

ਵਿਛੋੜਾ ਸੁਣੇ ਡੁਖ, ਵਿਣ ਡਿਠੇ ਮਰਿਓਦ।
ਬਾਝ ਪਿਆਰੇ ਆਪਣੇ, ਬਿਰਹੀ ਨ ਧੀਰੋਦਿ॥
_ਵਾਰ ਮਾਰੂ ਡੱਖਣੇ (18) 1100

↑ ਤਤਕਰਾ↑

## ਪਿਆਰ ਦੇ ਰਾਹ ‘ਤੇ

ਪਿਆਰ ਦੇ ਰਾਹ ‘ਤੇ ਦੇਖੋ ਜੀ, ਅਸੀਂ ਕਿੱਥੇ ਆਣ ਖਲੋਏ!
ਉਨ੍ਹਾਂ ਦੇ ਅੰਦਰ ਆਉਣ ਲਈ, ਪਲਕਾਂ ਦੇ ਬੂਹੇ ਢੋਏ।

ਦਿਲ ਦੀ ਪਿਆਰ-ਬਗੀਚੀ ‘ਤੇ ਜਦ ਲੱਗੀ ਔੜ ਵਸਲ ਦੀ,
ਸ਼ਬਨਮ ਬਣ ਕੇ, ਆਪ ਮੁਹਾਰੇ, ਤਿੱਪ ਤਿੱਪ ਹੰਝੂ ਚੋਏ।

ਬਿਨਾਂ ਸਿਆਣਫ਼ ਸੁਖ ਨਹੀਂ ਮਿਲਦਾ ਲੱਖ ਆਜ਼ਾਦੀ ਹੋਵੇ,
ਅਕਲਾਂ ਦੇ ਹੌਲੇ ਨੇ ਜਿਹੜੇ, ਬੱਦਲਾਂ ਵਾਂਗੂੰ ਰੋਏ।

ਮਜ਼ਲੂਮਾਂ ਦੀ ਚੀਕ ਨੂੰ, ਜਿਹੜੇ ਗੀਤ ਸਮਝ ਕੇ ਸੁਣਦੇ,
ਇਨਸਾਨਾਂ ਦੀ ਪੱਧਰ ‘ਤੇ, ਉਹ ਨਾ ਜੀਂਦੇ ਨਾ ਮੋਏ।

ਨਵੀਂ ਰੁੱਤ ਦੇ ਮੇਲੇ ‘ਤੇ, ਇਹਨੂੰ ਕੱਪੜੇ ਨਵੇਂ ਪੁਆਓ!
ਰਸਮਾਂ ਦੇ ਪਾਟੇ ਚੋਲੇ ‘ਚੋਂ, ਇਹ ਤਨ ਨੰਗਾ ਹੋਏ।

ਬਹੁਤੀ ਸ਼ੁਹਰਤ, ਦੌਲਤ ਦਾ ਵੀ, ਤਨ ਨਹੀਂ ਸਾਥ ਨਿਭਾਉਂਦਾ,
ਤਾਜ-ਮਹੱਲਾਂ ਦੇ ਥੱਲੇ ਵੀ, ਖਾਲੀ ਨੇ ਅੱਜ ਟੋਏ।

ਓ ਟਟਹਿਣੇ! ‘ਪ੍ਰੀਤ’ ਦੇ ਘਰ ਦੀ, ਤੂੰ ਸ਼ੋਭਾ ਕਿੰਜ ਬਣਦਾ!
ਉਸ ਜੀਵਨ ਦਾ ਕਾਹਦਾ ਹੋਣਾ! ਅੱਗ ਨਾ ਜਿਸ ਦੀ ਲੋਏ।

↑ ਤਤਕਰਾ↑

## ਬੰਜਰ ਧਰਤੀ ਦਾ ਫੁੱਲ (ਪਰਵਾਸੀ ਕਵੀ)

ਸਮਿਆਂ ਦੇ ਪੰਛੀ ਨੇ ਇਕ ਦਿਨ,
ਸੁੱਕੇ ਫੁੱਲ ਦੀ ਟਾਹਣ ਉਠਾਈ,
ਬੰਜਰ ਧਰਤੀ ਦੇ ਇਕ ਰੁੱਖ 'ਤੇ,
ਆਲ੍ਹਣੇ ਦੇ ਵਿਚ ਆਣ ਟਿਕਾਈ।

ਮਸਤ ਹਵਾ ਦਾ ਬੁੱਲਾ ਆਇਆ,
ਉਸ ਟਾਹਣੀ ਨੂੰ ਇੰਜ ਹਿਲਾਇਆ,
ਉਸ ਫੁੱਲ ਦੀ ਪੱਤੀ ਪੱਤੀ ਨੂੰ,
ਧਰਤੀ ਉੱਤੇ ਆਣ ਖਿੰਡਾਇਆ।

ਧੂੜ ਸਮੇਂ ਦੀ ਏਦਾਂ ਜੰਮੀ,
ਪੱਤੀਆਂ ਦਾ ਹਰ ਅੰਗ ਛੁਪਾਇਆ,
ਜਦੋਂ ਬਸੰਤ ਆਈ, ਇਕ ਪੌਦਾ,
ਓਸ ਜਗਹ 'ਤੇ ਉੱਗਰ ਆਇਆਂ।

ਪੱਤੀ ਪੱਤੀ ਵਧਦਾ ਵਧਦਾ,
ਇਕ ਬੂਟੇ ਦਾ ਰੂਪ ਬਣਾਇਆ,
ਕੁਝ ਦਿਨ ਗਏ ਤਾਂ ਉਸ ਬੂਟੇ 'ਤੇ,
ਇਕ ਨਵਾਂ ਫੁੱਲ ਨਿਕਲ ਆਇਆ।

ਪਰ ਇਸ ਫੁੱਲ ਨੂੰ ਕਿਹੜਾ ਦੇਖੇ!
ਕੌਣ ਇਹਨੂੰ ਸ਼ਿਗਾਰ ਬਣਾਏ!!
ਨਾ ਕੋਈ ਤਿਤਲੀ ਪਿਆਰ ਲੁਟਾਵੇ,
ਨਾ ਕੋਈ ਭੌਰਾ ਗੀਤ ਸੁਣਾਵੇ।

ਓਸ ਫੁੱਲ ਦਾ ਕਾਹਦਾ ਹੋਣਾ,
ਜੋ ਖਿੜਿਆ ਹੈ, ਕਿਤੇ ਕੁਰਾਹੇ,
ਨਾ ਕੋਈ ਉਹਦੀਆਂ ਮਹਿਕਾਂ ਮਾਣੇ,
ਨਾ ਕੋਈ ਉਹਦਾ ਰੂਪ ਸਲਾਹੇ।

ਰੱਬਾ! ਕਿਸੇ ਫੁੱਲ ਨੂੰ ਏਦਾਂ,
ਬੰਜਰ ਦੇ ਵਿਚ ਨਾ ਉਗਾਈਂ,
ਜੇ ਇਹਦੇ ਬਿਨ ਰਹਿ ਨਹੀਂ ਸਕਦਾ,
ਤਾਂ ਬਸਤੀ ਵੀ ਨਾਲ ਵਸਾਈਂ।

↑ ਤਤਕਰਾ↑

ਪ੍ਰੋਫ਼ੈਸਰ ਮੋਹਨ ਸਿੰਘ ਦੇ ਨਾਮ

## ਸਾਵੇ ਪੱਤਰ

ਅਸੀਂ ਹਾਂ ਲੋਕੋ ਸਾਵੇ ਪੱਤਰ, ਸਾਡਾ ਇਹ ਜ਼ਮਾਨਾ,
ਸਾਡੇ ਨਾਲ ਹੀ ਹੈਨ ਬਹਾਰਾਂ ਖ਼ੁਸ਼ੀਆਂ ਦਾ ਖ਼ਜ਼ਾਨਾ।

ਖ਼ੁਸ਼ੀਆਂ ਨੂੰ ਕਾਇਮ ਰੱਖਣ ਲਈ ਨਵੀਂ ਬਨਸਪਤ ਮੌਲੂ,
ਇਹ ਮੌਸਮ ਲੱਖ ਪਤਝੜ ਵਰਗਾ ਕਰ ਲਏ ਕੋਈ ਬਹਾਨਾ।

ਜੇ ਇਕ-ਸਾਰਾ ਜੀਵਨ ਹੋਵੇ, ਉਹਨੂੰ ਕੌਣ ਸਿਵਾਣੇ!
ਡਿੱਗ ਡਿੱਗ ਉੱਠਣ ਵਾਲੇ ਦਾ ਹੀ ਬਣੇ ਕੋਈ ਅਫ਼ਸਾਨਾ।

ਧਰਤੀ ਦੇ ਜਾਏ ਹਾਂ, ਫਿਰ ਵੀ, ਵਿੱਚ ਆਕਾਸ਼ਾਂ ਰਹੀਏ,
ਜੋ ਆਜ਼ਾਦ, ਜੋ ਉੱਡਣ ਵਾਲੇ, ਉਹਨਾਂ ਨਾਲ ਯਾਰਾਨਾ।

ਤੂਫ਼ਾਨਾਂ ਵਿਚ ਸਾਥ ਨਿਭਾਈਏ, ਸ਼ਰਨ ਕੋਈ ਜੇ ਆਵੇ,
ਮਸਤੀ ਦੇ ਵਿਚ ਝੂਮੀਏਂ, ਜੇ ਕੋਈ ਗਾਵੇ ਪ੍ਰੇਮ ਤਰਾਨਾ।

ਲੱਖ ਲੋਕਾਂ ਦਾ ਦਰਦ ਗਵਾਈਏ, ਪਾਣੀ ਵਿਚ ਉੱਬਲ ਕੇ,
ਮੋਇਆਂ ਨੂੰ ਵੀ ਜੀਵਨ ਦੇਈਏ, ਪੁੱਛੋ ਜਾ ਲੁਕਮਾਨਾ।

ਦੁਨੀਆਂ ਦੀਆਂ ਖ਼ਿਜ਼ਾਵਾਂ ਉੱਤੇ, ਫੇਰ ਬਸੰਤ ਖਿੜਾਈਏ,
ਕੀ ਵੱਡਾ, ਕੀ ਛੋਟਾ ਪੱਤਰ, ਸਭ ਦਾ ਇਕ ਨਿਸ਼ਾਨਾ।

ਅਸੀਂ ਹਾਂ ਲੋਕੋ ਸਾਵੇ ਪੱਤਰ, ਸਾਡਾ ਇਹ ਜ਼ਮਾਨਾ,
ਸਾਡੇ ਨਾਲ ਹੀ ਹੈਨ ਬਹਾਰਾਂ ਖ਼ੁਸ਼ੀਆਂ ਦਾ ਖ਼ਜ਼ਾਨਾ।

↑ ਤਤਕਰਾ↑

## ਕੱਲ੍ਹ ਦਾ ਸਿਰ ਉੱਠਿਆ

ਕੱਲ੍ਹ ਦਾ ਸਿਰ ਉੱਠਿਆ ਤੇ ਅੱਜ ਦਾ ਸੂਰਜ ਢਲ ਗਿਆ,
ਅੱਜ ਨੇ, ਇਕ ਆਉਣ ਵਾਲੇ ਕੱਲ੍ਹ ਤੋਂ ਹੈ ਬਦਲਾ ਲਿਆ।

ਕੱਲ੍ਹ ਉਹ ਜਿਹੜੇ ਰਾਹ 'ਤੇ ਤੁਰਿਆ ਤੇ ਤੂੰ ਕਤਿਲ ਕਿਹਾ,
ਕਿਉਂ ਤੂੰ ਮੁਨਸਫ਼ ਹੋ ਕੇ ਅੱਜ ਓਸੇ ਹੀ ਰਾਹ 'ਤੇ ਤੁਰ ਪਿਆ?

ਜੋ ਵੀ ਆਇਆ ਓਸ ਦਾ ਹੀ ਜਾਣ ਨੂੰ ਨਾ ਦਿਲ ਕਰੇ,
ਪਰ ਜੋ ਸੱਚ ਲਈ ਮਰ ਗਿਆ ਬਸ ਉਹ ਸਦਾ ਏਥੇ ਰਿਹਾ।

ਬਾਗ 'ਚੋਂ ਪੁੱਟਿਆ ਗਿਆ ਹੈ, ਫਿਰ ਵੀ ਮਹਿਕਾਂ ਵੰਡਦਾ,
ਅੱਜ ਭਾਵੇਂ ਅੱਗ ਦੇ ਵਿਚ ਵੀ ਹੈ ਚੰਦਨ ਝੁਲਸਿਆ।

ਸਿੰਮ ਜਾਣੈ, ਨ੍ਹੇਰਿਆਂ ਦੇ ਮਾਰੇ ਹੋਏ ਵਕਤ ਨੇ,
ਦੁੱਖਾਂ ਭਰੀਆਂ ਕਹਿਰਵੀ ਰਾਤਾਂ ਦਾ ਭਾਂਡਾ ਤਿੜਕਿਆ।

ਇਸ਼ਕ ਦੀ ਗਰਮੀ ਦੇ ਅੱਗੇ, ਸ਼ਮ੍ਹਾਂ ਦੀ ਅੱਗ ਕੀ ਕਰੇ!
ਜੋ ਪਤੰਗਾ, ਜੋ ਹੈ ਪ੍ਰੀਤਮ, ਉਹ ਨਾ ਜਾਵੇ ਵਰਜਿਆ।

↑ ਤਤਕਰਾ↑

## ਕੀ ਕਰਾਂ?

ਜ਼ਿੰਦਗੀ ਦੇ ਨਾਲ ਸਮਝੌਤਾ ਕਰਾਂ?
ਜਾਂ ਮੈਂ ਦਿਲ ਹੱਕਦਾਰ ਦੇ ਆਖੇ ਮਰਾਂ?
ਅਸਲੀਅਤ ਦੀ ਹਰ ਕੁੜੱਤਣ ਪੀ ਲਵਾਂ?
ਜਾਂ ਖ਼ੁਸ਼ੀ ਲਈ ਜ਼ਹਿਰ ਹੋਠਾਂ 'ਤੇ ਧਰਾਂ?

ਸ਼ਖ਼ਸ ਦੇ ਜਜ਼ਬਾਤ ਕੁਚਲਣ ਵਾਲੀਆਂ,
ਆਦਮੀ ਦੀ ਜ਼ਾਤ ਕੁਚਲਣ ਵਾਲੀਆਂ,
ਭੁੱਖ ਤੇ ਖ਼ੁਦ-ਗ਼ਰਜ਼ੀਆਂ ਨਾ ਬਦਲੀਆਂ,
ਆਦਿ ਤੋਂ ਹੁਣ ਤਕ ਨੇ ਇਹ ਓਸੇ ਤਰ੍ਹਾਂ।

ਇਹ ਜੋ ਰਾਹੀ ਫਿਰ ਰਹੇ ਬ੍ਰਹਿਮੰਡ ਦੇ,
ਤੇਰੇ ਮੇਰੇ ਲਈ ਨੇ ਦੁੱਖ ਸੁਖ ਵੰਡਦੇ,
ਇਹ ਪੰਖੇਰੂ ਕੌਣ ਪਿੰਜਰੇ ਪਾ ਸਕੇ?
ਉੱਡਦੇ ਫਿਰਦੇ ਸਦਾ ਜੋ ਬਿਨ ਪਰਾਂ।

ਕੌਣ ਕਹਿੰਦਾ ਹੈ ਕਿ ਸਤਿਜੁਗ ਸੀ ਕਦੇ?
ਰਾਜਾ ਤੇ ਪਰਜਾ ਬਰਾਬਰ ਵੀ ਕਦੇ?
ਕਿੱਥੋਂ ਆਏ, ਮਹਿਲ ਤੇ ਰਣ-ਭੂਮੀਆਂ?
ਕੱਲ੍ਹ ਦੁੱਖ ਜਰਿਆ ਕਿਸੇ, ਅੱਜ ਮੈਂ ਜਰਾਂ।

ਇਸ ਦੁਰਾਹੇ 'ਤੇ ਜਦੋਂ ਕੋਈ ਆਏਗਾ,
ਗ਼ਲਤ ਰਾਹੇ ਤੁਰਿਆ ਤਾਂ ਮਿਟ ਜਾਏਗਾ,
ਹਰ ਮੁਸਾਫ਼ਿਰ ਨੇ ਹੀ ਪ੍ਰੀਤਮ! ਆਖ਼ਰੀ,
ਛੱਡਣੀ ਇਕ ਰੋਜ਼ ਦੁਨੀਆਂ ਦੀ ਸਰਾਂ।

↑ ਤਤਕਰਾ↑

## ਤਨ-ਮਨ

ਤਨ ਦਰੁਸਤ, ਮਨ ਦਰੁਸਤ।
ਜੇ
ਮਨ ਦਰੁਸਤ ਤਾਂ ਤਨ ਦਰੁਸਤ।

ਤਨ ਦੁਖੀ ਤਾਂ ਮਨ ਦੁਖੀ ਹੈ,
ਮਨ ਦੁਖੀ ਤਾਂ ਤਨ ਵੀ ਸੁਸਤ।

ਤਨ ਦਰੁਸਤ, ਮਨ ਦਰੁਸਤ।
ਜੇ
ਮਨ ਦਰੁਸਤ ਤਾਂ ਤਨ ਦਰੁਸਤ।

ਉਲਝਣਾ ਵਿਚ ਫਸ ਵੀ ਜਾਵੇਂ,
ਤਾਂ ਵੀ ਰੱਖ ਤੂੰ ਮਨ ਨੂੰ ਚੁਸਤ।

ਤਨ ਦਰੁਸਤ. ਮਨ ਦਰੁਸਤ।
ਜੇ
ਮਨ ਦਰੁਸਤ ਤਾਂ ਤਨ ਦਰੁਸਤ।

↑ ਤਤਕਰਾ↑

# ਆਜ਼ਾਦੀ

ਉਹ, ਜਿਸ ਨੂੰ ਮੈਂ ਪਿਆਰਾਂ ਦੀ ਗੋਦੀ 'ਚ ਪਾਇਆ,
ਉਹ, ਜਿਸ ਨੂੰ ਮੈਂ ਦਿਲ ਦੇ ਸੀ ਵਿਹੜੇ ਖਿਡਾਇਆ,
ਉਹ, ਜਿਸ ਨੂੰ ਮੈਂ ਸੀ ਲਾਡ ਹਰ ਇਕ ਲਡਾਇਆ,
ਉਹ, ਜਿਸ ਨੂੰ ਮੈਂ ਅੱਖਾਂ ਦਾ 'ਤਾਰਾ' ਬਣਾਇਆ,

ਆਜ਼ਾਦੀ ਦੀ 'ਸੁਬਹ' ਮਿਟਾ ਗਈ ਹੈ ਉਸ ਨੂੰ,
ਇਹੇ, ਬਣ ਕੇ ਹੋਣੀ, ਖਾ ਗਈ ਹੈ ਉਸ ਨੂੰ।

ਉਹ ਵੀਰਾ, ਜਿਨ੍ਹੇ ਬਾਂਹ 'ਤੇ ਰੱਖੜੀ ਬਨ੍ਹਾਈ,
ਉਹ ਵੀਰਾ, ਜਿਨ੍ਹੇ ਮੇਰੀ ਡੋਲੀ ਸਜਾਈ,
ਉਹ ਵੀਰਾ, ਜਿਨ੍ਹੇ ਵਾਗ ਮੈਥੋਂ ਛੁਡਾਈ,
ਉਹ ਦੁਨੀਆਂ ਤੋਂ ਪਿਆਰਾ ਮੇਰਾ ਇੱਕੋ ਭਾਈ,

ਆਜ਼ਾਦੀ ਨੇ ਉਸ ਨੂੰ ਹੈ ਓਥੇ ਪੁਚਾਇਆ,
ਜਿੱਥੋਂ ਕੋਈ ਜਾ ਕੇ, ਮੁੜ ਕੇ ਨਾ ਆਇਆ।

ਉਹ ਆਪਣਾ, ਜਿਨ੍ਹੇ ਮੇਰੀ ਡੋਲੀ ਉਤਾਰੀ,
ਉਹ ਆਪਣਾ, ਜਿਨ੍ਹੇ ਮਾਂਗ ਮੇਰੀ ਸਵਾਰੀ,
ਉਹ ਆਪਣਾ, ਸੀ ਮੈਂ ਜਿਹਨੂੰ ਸਭ ਤੋਂ ਪਿਆਰੀ,
ਜਿਹਨੇ ਸਾਥ ਦੇਣਾ ਤਾਂ ਸੀ ਉਮਰ ਸਾਰੀ,

ਕੋਈ 'ਹੂਰ' ਉਸ ਨੂੰ ਬੁਲਾ ਲੈ ਗਈ ਹੈ,
'ਆਜ਼ਾਦੀ-ਦੀ-ਰਾਣੀ' ਪ੍ਰਣਾ ਲੈ ਗਈ ਹੈ।

ਉਹ 'ਆਜ਼ਾਦੀ' ਜਿਸ ਲਾਲ ਮੇਰਾ ਗਵਾਇਆ,
ਉਹ 'ਆਜ਼ਾਦੀ' ਜਿਸ ਮੇਰਾ ਵੀਰਾ ਚੁਰਾਇਆ,
ਉਹ 'ਆਜ਼ਾਦੀ' ਜਿਸ ਮੈਨੂੰ ਵਿਧਵਾ ਬਣਾਇਆ,
ਮਾਨੁੱਖਤਾ ਦੇ ਮੱਥੇ 'ਤੇ ਧੱਬਾ ਹੈ ਲਾਇਆ,

ਜੋ ਮਿੰਨ੍ਹੀ ਛੁਰੀ ਹੈ, ਇਹ ਮੈਂ ਫੂਕਣੀ ਹੈ!
ਜੋ ਏਨੀ ਬੁਰੀ ਹੈ, ਇਹ ਮੈਂ ਫੂਕਣੀ ਹੈ!

↑ ਤਤਕਰਾ↑

## ਆਜ਼ਾਦੀ ਦਾ ਤਰੀਕਾ

ਉਹ, ਜਿਸ ਨੂੰ ਤੂੰ ਪਿਆਰਾਂ ਦੀ ਗੋਦੀ 'ਚ ਪਾਇਆ,
ਉਹ, ਜਿਸ ਨੂੰ ਤੂੰ ਦਿਲ ਦੇ ਸੀ ਵਿਹੜੇ ਖਿਡਾਇਆ,
ਉਹ, ਜਿਸ ਨੂੰ ਤੂੰ ਸੀ ਲਾਡ ਹਰ ਇਕ ਲਡਾਇਆ,
ਉਹ, ਜਿਸ ਨੂੰ ਤੂੰ ਅੱਖਾਂ ਦਾ 'ਤਾਰਾ' ਬਣਾਇਆ,

ਆਜ਼ਾਦੀ ਦੀ 'ਸੁਬਹ' ਮਿਟਾ ਗਈ ਹੈ ਉਸ ਨੂੰ,
ਜੇ ਇਹ ਬਣ ਕੇ ਹੋਣੀ, ਖਾ ਗਈ ਹੈ ਉਸ ਨੂੰ।

ਉਹ ਵੀਰਾ, ਜਿਨ੍ਹੇ ਬਾਂਹ 'ਤੇ ਰੱਖੜੀ ਬਨ੍ਹਾਈ,
ਉਹ ਵੀਰਾ, ਜਿਨ੍ਹੇ ਤੇਰੀ ਡੋਲੀ ਸਜਾਈ,
ਉਹ ਵੀਰਾ, ਜਿਨ੍ਹੇ ਵਾਗ ਤੈਥੋਂ ਛੁਡਾਈ,
ਉਹ ਦੁਨੀਆਂ ਤੋਂ ਪਿਆਰਾ ਤੇਰਾ ਇੱਕੋ ਭਾਈ,

ਆਜ਼ਾਦੀ ਨੇ ਜੇ ਉਹਨੂੰ ਓਥੇ ਪੁਚਾਇਆ,
ਨੀ ਭੈਣੇ! ਜਿੱਥੋਂ ਕੋਈ ਮੁੜ ਕੇ ਨਾ ਆਇਆ।

ਉਹ ਆਪਣਾ, ਜਿਨ੍ਹੇ ਤੇਰੀ ਡੋਲੀ ਉਤਾਰੀ,
ਉਹ ਆਪਣਾ, ਜਿਨ੍ਹੇ ਮਾਂਗ ਤੇਰੀ ਸਵਾਰੀ,
ਉਹ ਆਪਣਾ, ਸੀ ਤੂੰ ਜਿਹਨੂੰ ਸਭ ਤੋਂ ਪਿਆਰੀ,
ਜਿਹਨੇ ਸਾਥ ਦੇਣਾ ਤਾਂ ਸੀ ਉਮਰ ਸਾਰੀ,

ਜੇ ਕੋਈ 'ਹੂਰ' ਉਸ ਨੂੰ ਬੁਲਾ ਲੈ ਗਈ ਹੈ,
'ਆਜ਼ਾਦੀ-ਦੀ-ਰਾਣੀ' ਪ੍ਰਣਾ ਲੈ ਗਈ ਹੈ।

ਨੀ ਮਾਂਏਂ! ਜਿਹਨੇ ਲਾਲ ਤੇਰਾ ਗਵਾਇਆ,
ਨੀ ਭੈਣੇ! ਜਿਹਨੇ ਤੇਰਾ ਵੀਰਾ ਚੁਰਾਇਆ,
ਨੀ ਦੇਵੀ! ਜਿਹਨੇ ਤੈਨੂੰ ਵਿਧਵਾ ਬਣਾਇਆ,
'ਆਜ਼ਾਦੀ' ਦੇ ਮੱਥੇ 'ਤੇ ਧੱਬਾ ਹੈ ਲਾਇਆ,

'ਇਹ' ਆਜ਼ਾਦੀਆਂ ਦਾ ਤਰੀਕਾ, ਛੁਰਾ ਹੈ,
ਆਜ਼ਾਦੀ ਬੁਰੀ ਨਹੀਂ, 'ਤਰੀਕਾ' ਬੁਰਾ ਹੈ।

↑ ਤਤਕਰਾ↑

## ਫੇੜੇ

ਕਦੇ ਇਹ ਸੋਚਿਆ ਹੈ! ਰਾਹ ਤੇਰੇ ਕਿਉਂ ਬਖੇੜੇ ਨੇ,
ਦੁੱਖਾਂ ਵਿਚ ਦੂਰ ਸਾਰੇ ਨੇ, ਸੁਖਾਂ ਵਿਚ ਸਾਰੇ ਨੇੜੇ ਨੇ।

ਉੱਚੇ ਹੋ ਕੇ ਕਈਆਂ ਦੇਖਿਆ, ਹਰ ਘਰ ਦੁਖੀ ਲੱਗਾ,
ਗ਼ਮਾਂ ਦੇ ਸਾਗਰੀਂ, ਦੁਨੀਆਂ ਦੇ ਵਾਸੀ ਇੱਕੋ ਬੇੜੇ ਨੇ।

ਜੇ ਦੁਨੀਆਂ ਹੀ ਦੁਖੀ ਹੈ ਤਾਂ ਕਿਸੇ ਨੂੰ ਦੋਸ਼ ਕੀ ਦੇਣਾ!
ਦੁਨੀਆਂਦਾਰਾਂ ਨੇ ਆਪੋ 'ਚ ਹੀ ਵੰਡੇ ਇਹ ਝੇੜੇ ਨੇ।

ਜੇ ਮਿਹਨਤ ਘੱਟ ਤੇ ਫਲ ਬਹੁਤੇ ਦੀ ਕੋਈ ਆਸ ਕਰਦਾ ਹੈ,
ਅਜਿਹੀ ਲਾਲਸਾ ਹੀ ਪੈਦਾ ਕੀਤੇ ਐਸੇ ਫੇੜੇ ਨੇ।

ਜੇ ਮਨ ਸਮਝਾ ਕੇ ਕੋਈ ਅਮਨ ਲੈ ਲਏ, ਵੱਖਰੀ ਗੱਲ ਹੈ,
ਨਹੀਂ ਤਾਂ ਸੁਖਾਂ ਨੂੰ ਲੱਭਣ ਲਈ ਜਨਮਾਂ ਦੇ ਗੇੜੇ ਨੇ।

ਓ ਪ੍ਰੀਤਮ! ਬੁਰਾ ਨਾ ਮੰਨੀਂ ਮੈਂ ਦਾਅਵੇ ਨਾਲ ਕਹਿੰਦਾ ਹਾਂ,
ਤੇਰੇ ਦੁੱਖਾਂ 'ਚੋਂ ਬਹੁਤੇ ਦੁੱਖ ਤੂੰ ਆਪੇ ਹੀ ਸਹੇੜੇ ਨੇ।

↑ ਤਤਕਰਾ↑

## ਜਿਨ੍ਹਾਂ ਨੇ ਸਾਥ ਨਾ ਦਿੱਤਾ

ਉਨ੍ਹਾਂ ਦੀ ਯਾਦ ਅੱਜ ਆਈ, ਜਿਨ੍ਹਾਂ ਨੇ ਸਾਥ ਨਾ ਦਿੱਤਾ।
ਉਨ੍ਹਾਂ ਦੀ ਤੱਕੀ ਪਰਛਾਈ, ਜਿਨ੍ਹਾਂ ਨੇ ਸਾਥ ਨਾ ਦਿੱਤਾ।

ਆਪਣੀ ਜਾਨ 'ਤੇ ਖੇਡੇ, ਕਿਸੇ ਦੀ ਬੇਬਸੀ ਤੱਕ ਕੇ,
ਘੜੇ ਨੇ ਆਪਣੀ ਵਾਹ ਲਾਈ, ਝਨਾਂ ਨੇ ਸਾਥ ਨਾ ਦਿੱਤਾ।

ਹਨੇਰੇ ਰਾਹ ਚੱਲਣ ਲਈ, ਪਤੰਗੇ ਆਸਰਾ ਚਾਹਿਆ,
ਉਹਦੇ 'ਤੇ ਅੱਗ ਬਰਸਾਈ, ਸ਼ਮ੍ਹਾਂ ਨੇ ਸਾਥ ਨਾ ਦਿੱਤਾ।
ਭੌਰੇ ਤੋਂ ਮੁਹੱਬਤ ਦੇ ਸੁਹਾਣੇ ਗੀਤ ਤਾਂ ਸੁਣ ਲਏ,
ਜਾਂ ਉਹਦੀ ਜਿੰਦ ਕੰਡਿਆਈ, ਪੁੱਲਾਂ ਨੇ ਸਾਥ ਨਾ ਦਿੱਤਾ।

ਹਜ਼ਾਰਾਂ ਕੋਸ਼ਿਸ਼ਾਂ ਕਰਕੇ ਵੀ ਆਪਣੇ ਦਿਲ 'ਚੋਂ ਉਹਨਾਂ ਦੀ,
ਗਈ ਨਾ ਯਾਦ ਭੁਲਾਈ, ਜਿਨ੍ਹਾਂ ਨੇ ਸਾਥ ਨਾ ਦਿੱਤਾ-

↑ ਤਤਕਰਾ↑

## ਕਲਮ ਨੂੰ ਤਲਵਾਰ

ਕਲਮ ਨੂੰ ਤਲਵਾਰ ਕਰ ਜਾਵਾਂਗਾ ਮੈਂ,
ਦੁਸ਼ਮਣੀ ‘ਤੇ ਵਾਰ ਕਰ ਜਾਵਾਂਗਾ ਮੈਂ।

ਬਿਨ ਮਲਾਹਾਂ, ਵਿਚ ਤੂਫ਼ਾਨਾਂ ਥੱਕੀਆਂ,
ਬਾਹਾਂ ਨੂੰ ਪਤਵਾਰ ਕਰ ਜਾਵਾਂਗਾ ਮੈਂ।

ਭਰਮਾਂ ਤੇ ਵਹਿਮਾਂ ਨੇ ਜਿਸ ਨੂੰ ਦੱਬਿਆ,
ਉਸ ਦਾ ਹੌਲਾ ਭਾਰ ਕਰ ਜਾਵਾਂਗਾ ਮੈਂ।

ਦੂਜੇ ਦੇ ਹੱਕਾਂ ਤੋਂ ਜੋ ਮੁਨਕਰ ਰਿਹਾ,
ਉਸ ਨੂੰ ਸ਼ਰਮਸਾਰ ਕਰ ਜਾਵਾਂਗਾ ਮੈਂ।

ਹੱਕ ਮੰਗਣਾ ਵੀ ਜੇ ਕੋਈ ਪਾਪ ਹੈ,
ਇਹ ਗੁਨਾਹ ਹਰ ਵਾਰ ਕਰ ਜਾਵਾਂਗਾ ਮੈਂ।

ਮਜਨੂਆਂ ਤੇ ਰਾਂਝਿਆਂ ਦੇ ਨਾਲ ਦਾ,
ਇਕ ਸੱਚਾ ਪਿਆਰ ਕਰ ਜਾਵਾਂਗਾ ਮੈਂ।

ਫ਼ਰਜ਼ ਪੂਰਾ ਜੇ ਨਾ ਮੈਂ ਕਰ ਸਕਿਆ,
ਆਉਣ ਦਾ ਇਕਰਾਰ ਕਰ ਜਾਵਾਂਗਾ ਮੈਂ।

ਯਾਰ ਕੀ! ਦੁਸ਼ਮਣ ਵੀ ਚੇਤੇ ਕਰਨਗੇ,
ਜਿਸ ਜਗਹ ਤੋਂ ਜਦ ਗੁਜ਼ਰ ਜਾਵਾਂਗਾ ਮੈਂ।

ਉੱਠੇਗਾ ਪ੍ਰੀਤਮ ਜਿਹਾ ਕੋਈ ਹੋਰ ਵੀ,
ਦੁਨੀਆਂ ਤੋਂ ਜਦ ਯਾਰ ਮਰ ਜਾਵਾਂਗਾ ਮੈਂ।

↑ ਤਤਕਰਾ↑

# ਪ੍ਰੀਤਮ

ਲੋਕੀ ਮੈਨੂੰ ਪ੍ਰੀਤਮ ਕਹਿੰਦੇ।

ਹੋ ਸਕਦਾ ਹੈ, ਕੋਈ ਪ੍ਰੀਤਮ,
ਕੋਝਾ ਹੋਵੇ, ਕਾਲਾ ਹੋਵੇ,
ਪਰ ਇਹ ਕਦੇ ਵੀ ਹੋ ਨਹੀਂ ਸਕਦਾ,
ਜੋ ਦਿਲ ਪਿਆਰ ਤੋਂ ਸੱਖਣਾ ਹੋਵੇ,
ਇਹੋ ਜਿਹੇ ਦਿਲ ਵਾਲਾ ਹੋਵੇ।

ਆਮ ਗੱਲ ਹੈ ਕਿ ਜੇ ਕੋਈ
ਭਾਂਡਾ ਸ਼ੈਅ ਨਾਲ ਭਰਿਆ ਹੋਵੇ,
ਉਸ ਵਿਚ ਕੋਈ ਹੋਰ ਦੂਸਰੀ
ਸ਼ੈਅ ਦੇ ਵਾਸਤੇ ਥਾਂ ਨਹੀਂ ਹੁੰਦੀ,
ਭਾਵੇਂ ਉਹ ਸ਼ੈਅ ਪਿਆਰ ਹੀ ਹੋਵੇ,
ਲਿਆਵਣ ਵਾਲਾ, ਪ੍ਰੀਤਮ ਹੋਵੇ।

ਵਸਲ ਤੋਂ ਬਿਨਾਂ, ਪ੍ਰੀਤਮ ਹਿੱਸੇ,
ਆਪਣੀ ਮਹਿਬੂਬਾ ਦੇ ਨਖ਼ਰੇ।
ਤਾਅਨੇ, ਮਿਹਣੇ, ਸ਼ਿਕਵੇ, ਰੋਸੇ,
ਦੁਨੀਆਂ-ਦਾਰੀ ਦੇ ਦੁੱਖ ਵੱਖਰੇ।

ਆਪਣੇ ਤਨ 'ਤੇ ਸੂਲਾਂ ਝੱਲੇ,
ਮਹਿਬੂਬਾ ਦੀ ਛੂਹ ਦੀ ਖ਼ਾਤਿਰ
ਤੇ ਜਾਂ ਲੂਸ ਜਾਵੇ ਤਨ ਇਸਦਾ,
ਇਕ ਪਵਿੱਤਰ ਮੋਹ ਦੀ ਖ਼ਾਤਿਰ।

ਜਾਂ ਫਿਰ ਪ੍ਰੀਤਮ ਦੇ ਹਿੱਸੇ ਵਿਚ,
ਬਿਰਹਾ ਦੀ ਅੱਗ ਵਿਚ ਸੜ ਜਾਣਾ।
ਦੁੱਖ, ਤਸੀਹੇ, ਕੈਦਾਂ ਕੀ!
ਮਨਸੂਰ ਵਾਂਗ ਸੂਲੀ ਚੜ੍ਹ ਜਾਣਾ।

↑ ਤਤਕਰਾ↑

ਅੰਮ੍ਰਿਤ ਸਮਝ ਕੇ, ਪ੍ਰੀਤ ਦੀ ਖ਼ਾਤਿਰ,
ਪ੍ਰੀਤਮ ਜ਼ਹਿਰ ਦਾ ਪਿਆਲਾ ਪੀਤਾ।
ਦੁਨੀਆਂ ਦੇ ਵਿਚ,
ਪਿਆਰ ਦੀ ਪੁਸਤਕ ਦੇ,
ਕੋਰੇ ਸਫ਼ਿਆਂ ਦੇ ਉੱਤੇ,
ਆਪਣਾ ਨਾਮ ਲਿਖਣ ਦੀ ਖ਼ਾਤਿਰ,
ਦੱਸ! ਪ੍ਰੀਤਮ ਨੇ ਕੀ ਨਹੀਂ ਕੀਤਾ!

ਆਪਣਾ ਨਾਮ ਲਿਖਣ ਦੀ ਖ਼ਾਤਿਰ:

ਚੰਗੇ ਦਿਨਾਂ ਦੀਆਂ ਖ਼ੁਸ਼ਬੋਆਂ,
ਮੰਦੇ ਦਿਨਾਂ ਦੀਆਂ ਬਦਬੋਆਂ,
ਕੱਠੀਆਂ ਕਰਕੇ ਖਰਲ 'ਚ ਪਾਵੇ।
ਉਦਰੇਵੇਂ ਤੇ ਗ਼ਮ ਦਾ ਡੰਡਾ
ਲੈ ਕੇ, ਉਸ ਨੂੰ ਰਗੜਾ ਲਾਵੇ।
ਲੈ ਕੇ ਉਨ੍ਹਾਂ ਦੇ ਅਸਰ ਦੀ ਰੰਗਤ,
ਯਾਦਾਂ ਦੀ ਇਕ ਕਲਮ ਉਠਾਵੇ।
ਏਸ ਸਮੇਂ ਦੇ ਸਫ਼ਿਆਂ ਉੱਤੇ,
ਇੰਜ ਉਹ ਪੱਕਾ ਛਾਪਾ ਲਾਵੇ।
ਮਾਨੁੱਖਤਾ ਨੂੰ ਝੂਣ ਜਗਾਵੇ।
ਉੱਜੜੇ ਹੋਏ ਬਾਗ ਦੇ ਉੱਤੇ,
ਆਪਣੀ ਪ੍ਰੀਤ ਦਾ ਛੱਟਾ ਦੇ ਕੇ,
ਹਰ ਕਲੀ ਜਾਂ ਫੁੱਲ ਤਾਂ ਕੀ ਹੈ!
ਹਰ ਪੱਤਾ ਪੱਤਾ ਮਹਿਕਾਵੇ।

ਆਪਣਾ ਨਾਮ ਲਿਖਣ ਦੀ ਖ਼ਾਤਿਰ:

ਕਦੇ ਇਹ ਪਿਆਰ 'ਚ ਕੁੱਠਾ ਹੋਇਆ,
ਦਿਲ ਦੇ ਉੱਚੜੇ ਜ਼ਖ਼ਮਾਂ ਵਿਚੋਂ,
ਲੈ ਕੇ ਲਾਲ ਲਹੂ ਦੀ ਲਾਲੀ,
ਕੋਈ ਸੁੱਖ ਸੁਨੇਹੜੇ ਵਾਲੇ,
ਦੋ ਅੱਖਰ ਅੰਬਰ 'ਤੇ ਪਾਵੇ।
ਐਸਾ ਇਕ ਮਾਹੌਲ ਬਣਾਵੇ,
ਸੁੱਤਾ ਹੋਇਆ ਪਿਆਰ ਜਗਾਵੇ।
ਸੱਚੇ, ਸੁੱਚੇ ਨੇਂਹੁੰ ਦੀ ਲਾਲੀ,
ਪਿਆਰ ਦਾ ਚਿੱਟਾ ਰੰਗ ਵਟਾਵੇ।

↑ ਤਤਕਰਾ↑

ਚੜ੍ਹਦੇ ਡੁੱਬਦੇ ਸੂਰਜ ਅੰਦਰ
ਆਸਾ ਅਤੇ ਨਿਰਾਸਾ ਦੇ ਵਿਚ
ਅਧਮੋਈ ਜਿਹੀ ਪ੍ਰੀਤ ਕਿਸੇ ਦੀ
ਸਦਾ ਲਈ ਅਮਰ ਕਰ ਜਾਵੇ।

ਆਪਣਾ ਨਾਮ ਲਿਖਣ ਦੀ ਖ਼ਾਤਿਰ:

ਕਦੀ ਇਹ ਆਪਣੀ ਜਿੰਦ ਪਿਆਰੀ
ਸੋਨੇ ਤੋਂ ਵੀ ਵੱਧ ਕੀਮਤੀ
ਧਰਤੀ ਮਾਂ ਦੇ ਬੰਦਿਆਂ ਖ਼ਾਤਿਰ,
ਜਦ ਵੀ ਕਿਸੇ ਕੁਠਾਲੀ ਪਾਵੇ,
ਢਲ ਜਾਵੇ ਇਹ ਵਿਚ ਕੁਠਾਲੀ,
ਫਿਰ ਭੀ ਆਪਣੀ ਚਮਕ ਨਾ ਛੱਡੇ
ਤੇ ਇਹ ਚਮਕ ਸੁਨਹਿਰੀ ਲੈ ਕੇ,
ਧਰਤੀ ਮਾਂ ਦੇ ਮੱਥੇ ਉੱਤੇ,
ਆਪਣੀ ਪ੍ਰੀਤ ਦਾ ਇਕ ਸੁਨੇਹਾ,
ਮਰਦਾ ਮਰਦਾ ਵੀ ਲਿਖ ਜਾਵੇ।

ਹੋ ਸਕਦਾ ਹੈ, ਕੋਈ ਪ੍ਰੀਤਮ,
ਕੋਝਾ ਹੋਵੇ, ਕਾਲਾ ਹੋਵੇ,
ਪਰ ਇਹ ਕਦੇ ਵੀ ਹੋ ਨਹੀਂ ਸਕਦਾ,
ਜੋ ਦਿਲ ਪਿਆਰ ਤੋਂ ਸੱਖਣਾ ਹੋਵੇ,
ਇਹੋ ਜਿਹੇ ਦਿਲ ਵਾਲਾ ਹੋਵੇ।

ਲੋਕੀ ਮੈਨੂੰ ਪ੍ਰੀਤਮ ਕਹਿੰਦੇ।

↑ ਤਤਕਰਾ↑